ਲੋਹੇ ਪਹਿਰ ਦਾ ਆਤਮ-ਚਿੰਤਨ

ਪ੍ਰੋ. ਪੂਰਨ ਸਿੰਘ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ ਪਟਿਆਲਾ

ਲੌਢੇ ਪਹਿਰ ਦਾ ਆਤਮ-ਚਿੰਤਨ

(ਪੂਰਨ ਸਿੰਘ ਰਚਿਤ ਅੰਗਰੇਜ਼ੀ ਕਾਵਿ-ਪੁਸਤਕ 'ਐਨ ਆਫ਼ਟਰਨੂਨ ਵਿਦ ਸੈਲਫ਼'
ਦਾ ਪੰਜਾਬੀ ਕਾਵਿ-ਅਨੁਵਾਦ)

ਕਰਤਾ
ਪ੍ਰੋ. ਪੂਰਨ ਸਿੰਘ

ਅਨੁਵਾਦਕ
ਕਿਰਪਾਲ ਸਿੰਘ ਕਸੇਲ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

©
ਪੰਜਾਬੀ ਯੂਨੀਵਰਸਿਟੀ, ਪਟਿਆਲਾ

ISBN 81-7380-062-6

1994
ਪ੍ਰਤੀ ਵਾਰ : 1100
ਮੁੱਲ : 25-00

ਸਰਦਾਰ ਹਰਿੰਦਰ ਸਿੰਘ ਐਮ.ਏ., ਐਲ-ਐਲ.ਐਮ., ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਪ੍ਰਕਾਸ਼ਿਤ ਅਤੇ ਮੈ/ਸ. ਐਡਵਿਨ ਪ੍ਰਿੰਟਰਜ਼, ਨਾਭਾ ਰੋਡ, ਪਟਿਆਲਾ ਵਿਖੇ ਛਪੀ।

ਕੁਮਲ ਬਮਾਰ ਮੈਂ,
ਆਤਮ ਸਮਾਰ ਮੈਂ,
ਗਗਨਾਂ ਦਾ ਜ਼ਾਰ ਮੈਂ,
ਤੱਥ ਗਾਇਆ ਪਿਗਲਣਾ ।

(ਪੂਰਨ ਸਿੰਘ 'ਸੰਗਲੀ ਵੁਲ')

ਕਾਵਿ-ਪ੍ਰਤਿਭਾ ਦੀ ਵਿਰਾਟ ਝਲਕ

ਪੂਰਨ ਸਿੰਘ ਦੇ ਆਗਮਨ ਨਾਲ ਪੰਜਾਬ ਦੇ ਸਾਹਿਤਕ ਅਕਾਸ਼ ਵਿਚ ਨਵੇਂ ਪ੍ਰਕਾਸ਼ ਦਾ ਉਦੇ ਹੋਇਆ। ਮਹਾਂ-ਕਵੀ ਧੁਰੋਂ ਵਰੋਸਾਈਆਂ ਆਤਮਾਵਾਂ ਤੇ ਕਵਿਤਾ ਉੱਚੇ ਨਛੱਤਰਾਂ ਦੀ ਰੱਖੀ ਦਾਤ। ਸਾਗਰ ਦੀ ਤਹਿ ਤੇ ਸਿੱਪੀ ਮੂੰਹ ਖੱਲ੍ਹੀ ਜਗਤਾਂ ਤੋਂ ਵੱਸਣ ਵਾਲੀ ਸਵਾਂਤ ਬੂੰਦ ਦੀ ਉਡੀਕ ਵਿੱਚ ਚਿਰਾਂ ਤਕ ਮੂੰਹ ਖੁੱਲਾ ਰੱਖਦੀ, ਜਦੋਂ ਅੰਮ੍ਰਿਤ-ਬੂੰਦ ਮਿਲਦੀ, ਸਿੱਪੀ ਮੂੰਹ ਬੰਦ ਕਰ ਡੂੰਘੇ ਸਾਗਰਾਂ ਵਿਚ ਉਤਰ ਜਾਂਦੀ ਤੇ ਉਥੇ ਮੋਤੀਆਂ ਦੇ ਸੁਪਨੇ ਉਣਦੀ ਅਖੀਰ ਮੋਤੀ ਨੂੰ ਜਨਮ ਦਿੰਦੀ। ਮਹਾਂ-ਕਵੀ ਇਕ ਅਜਿਹਾ, ਕਦੀ ਕਦੀ ਵਜਦਾ ਉਹ ਲਿਸ਼ਕਾਰਾ, ਜੋ ਸਦੀਆਂ ਦੇ ਹਨੇਰੇ ਨੂੰ ਚੀਰ ਜਾਂਦਾ, ਕਾਲਖ ਨੂੰ ਖਾ ਜਾਂਦਾ ਤੇ ਚਕਾ-ਚੂੰਦ ਕਰ ਦੇਣ ਵਾਲਾ ਪ੍ਰਕਾਸ਼ ਕਰ ਦਿੰਦਾ। ਕਾਲੀ ਕੌਇਲ ਦੀ ਬਿਰਹਾ ਜਿਵ ਕੂਕ ਉੱਠਦੀ :

ਜਗ ਮਗ ਕਰਦੀ, ਰੂਹ ਪਈ ਪੁੱਛੇ,
ਪ੍ਰੀਤਮ ਕਿਹੜੇ ਦੇਸ਼ ਸਿਧਾਏ।
ਦਸੋ ਵੇ, ਅਹਿੱਲ ਪੱਤਿਓ,
ਕਿਉਂ ਚੁੱਪ ਨੇ ਸਾਏ।

ਪ੍ਰੀਤਮ ਦੀ ਭਾਲ ਕਵੀ ਦੀ ਸਭ ਤੋਂ ਉਚੀ ਖੋਜ ਤੇ ਜਗਿਆਸਾ ਹੈ। ਉਸਦੇ ਵਿਛੋੜੇ ਦੀ ਵੇਦਨਾ, ਸਭ ਤੋਂ ਮਿੱਠੀ ਕਵਿਤਾ। ਇਉਂ ਪਿਆਰ ਉਚੇਰੀ ਕਵਿਤਾ ਦਾ ਮੂਲ-ਸੁੱਤ ਹੈ। ਪਿਆਰ ਪ੍ਰਭੂ ਹੈ ਤੇ ਇਹ ਦਿਸ਼ਵ-ਪਿਆਪੀ ਏਕਤਾ ਤੇ ਅਖੰਡਤਾ ਦਾ ਸਦੀਵੀ ਧੜਕਦਾ ਇਹਸਾਸ ਹੈ। ਇਸ ਲਈ ਇਹ ਗਤੀ-ਭਰਪੂਰ ਹੈ ਤੇ ਕਰਮਸ਼ੀਲ ਵੀ। ਪਰ ਇਹ ਧਰਮ ਦੇ ਨਰਸਿੰਘ ਦੇ ਨਾਦ ਨੂੰ ਚਾਰ ਚੁਫੇਰ ਗੂੰਜਾ ਦੇਂਦਾ ਹੈ ਤੇ ਸੁੱਤੇ ਬੇਹੋਸ਼ ਜਗਤ ਨੂੰ ਇਕ ਵਾਰਗੀ ਹੀ ਜਗਾ, ਸ਼ਿਵ, ਸਤ, ਸੁੰਦਰ ਧਰਮ ਸੱਤਾ ਦੇ ਐਨ ਸਨਮੁਖ ਲੈ ਆਉਂਦਾ ਹੈ। ਅੱਗੇ ਨੈਣਾਂ ਵਾਲਿਆਂ ਦੀ ਖੇਡ ਹੈ—ਨੈਣ ਮੁੰਦੇ—ਨੈਣ ਖੱਲੇ, ਤੇ ਅਮਰ-ਸੱਚ ਦੇ ਅਨੁਭਵ ਨੂੰ ਲਖੇ, ਪੱਖੇ। ਨਿਰੋਲ ਕਵਿਤਾ ਦਾ ਇਸੇ ਤਰ੍ਹਾਂ ਦਾ ਸੱਚਾ-ਸੁੱਚਾ ਅਨੁਭਵ ਹੈ ਤੇ ਅਨੁਭਵ ਤੋਂ ਬਿਨਾਂ, ਇਹ ਥੋਥੀ ਬਾਂਸ ਦੀ ਪੋਰੀ। ਹਿਰਦੇ ਦੇ ਕਪਾਟ ਖੁਲ੍ਹ ਜਾਣ ਤਾਂ ਜੀਵਨ-ਛੋਭ ਦੇ ਅਨੰਤਾ ਤਕ ਪਸਰੇ, ਸਹੰਸਰ ਕੰਵਲ ਝਿਲਮਿਲਾਂਦੇ, ਮਹਿਕ ਵੰਡਦੇ ਵਿਖਾਈ ਦੇਂਦੇ। ਆਤਮਾ ਜਾਗ ਪਵੇ ਤਾਂ ਮਹਾ ਪੂਰਨਤਾ ਦੀ ਉੱਚੀ ਮੰਜਟੀ ਤੇ ਜਗਦਾ ਸਦੀਵ ਦੀਪ ਆਪਣੇ ਮਿੱਠੇ ਚਾਨਣ ਦੀ ਵਰ੍ਹਦੀ ਫੁਹਾਰ ਵਿੱਚ, ਨਹਾ ਕੇ ਰੂਹ ਨੂੰ ਜਰੂਰ ਕਰ ਦੇਵੇ। ਅਜਿਹਾ

ਹੀ ਕੁਝ ਕੁਝ ਕਵਿਤਾ ਦਾ ਰਹੱਸ ਪ੍ਰਤੀਤ ਹੁੰਦਾ ਹੈ।

ਪੂਰਨ ਸਿੰਘ, ਜਿਸਦੀ ਮਹਾਨ ਪ੍ਰਤਿਭਾ ਦੀ ਰੌਸ਼ਨੀ ਰੱਬੀ ਨੂਰ ਦਾ ਇਕ ਝਲਕਾਰਾ ਸੀ ਅਜਿਹੀ ਅਧਿਆਤਮਿਕ ਤੇ ਰਹੱਸਵਾਦੀ ਆਤਮਕ ਸੰਸਕ੍ਰਿਤੀ ਦਾ ਚਮਕਦਾ ਸਿਤਾਰਾ ਸੀ, ਜਿਸਨੂੰ ਨਿਰੋਲ ਦੇਸ਼ੀਆਈ ਜਾਂ ਪੂਰਬੀ ਰੰਗ ਵਿਚ ਰੰਗਿਆ ਹੋਇਆ ਕਿਹਾ ਜਾ ਸਕਦਾ ਹੈ। ਇਹ ਗੱਲ ਨਹੀਂ ਕਿ ਉਹ ਪੱਛਮੀ ਗਿਆਨ ਦੀ ਪਹੁੰਚ ਤੋਂ ਵਿਸ਼ੇਸ਼ਤਾ ਤੌਂ ਅਭਿੱਜ ਤੇ ਅਨਜਾਣ ਸੀ। ਸਗੋਂ ਉਸਦਾ ਉਸਨੂੰ ਪੂਰਾ ਬੋਧ ਸੀ। ਗੋਟੇ, ਕਾਰਲਾਇਲ, ਐਮਰਸਨ, ਵਾਲਟ ਵਿਟਮੈਨ ਤੇ ਡਾਲਸਤਾਇ ਸਭ ਉਸ ਦੇ ਸੰਗੀ ਸਨ ਤੇ ਕੁਝ ਉਸਦੇ ਸਮਕਾਲੀ। ਪਰ ਉਹ ਪੂਰਬ ਦੇ ਮਹਾਂ ਪ੍ਰਕਾਸ਼ ਵਿਚੋਂ ਉਭਰਿਆ ਤੇ ਉਸੇ ਨੂੰ ਉਸਨੇ ਧੁਰ ਪੱਛਮ ਤਕ ਪ੍ਰਸਾਰਿਆ, ਫੈਲਾਇਆ ਤੇ ਸਾਂਝਾ ਕੀਤਾ। ਉਸਦੀ ਵਡਿਆਈ ਨੂੰ ਸਮਝਣ ਲਈ ਇਕ ਥੰਨੇ ਪੂਰਬੀ ਕਾਵਿ ਦੀ ਆਤਮਾ ਦਾ ਬੋਧ ਲੁਭੌਂਦਾ ਹੈ ਅਤੇ ਦੂਜੇ ਥੰਨੇ ਉਸ ਮਹਾਨ ਰਹੱਸਵਾਦੀ ਪਰੰਪਰਾ ਦਾ, ਜਿਸਦੀ ਗੋਦ ਵਿਚ, ਉਹ ਜਨਮਿਆ, ਖੇਡਿਆ ਤੇ ਵੱਡਾ ਹੋਇਆ। ਜਾਪਾਨ ਦੀ ਬੌਧੀ ਸੰਸਕ੍ਰਿਤੀ ਨੇ, ਉਸ ਵਿਚ ਸੂਖਮਤਾ ਦਾ ਦਿਲਸਾਸ ਜਗਾਇਆ, ਸੁਆਮੀ ਰਾਮ ਤੀਰਥ ਦੇ ਵੇਦਾਂਤ ਦਰਸ਼ਨ ਨੇ, ਉਸਨੂੰ ਉਸ ਸੁਨਹਿਰੀ ਭੂਮੀ ਦੀ ਯਾਤਰਾ ਕਰਵਾਈ ਜਿਸਨੂੰ ਮਨੁੱਖੀ ਪ੍ਰਾਪਤੀ ਦਾ ਉਚੇਰਾ ਪੜਾਉ ਆਖਿਆ ਜਾ ਸਕਦਾ ਹੈ ਤੇ ਫਿਰ ਮਹਾਂ ਕਵੀ, ਸੰਤ ਤੇ ਦਾਰਸ਼ਨਿਕ, ਭਾਈ ਵੀਰ ਸਿੰਘ ਦੀ ਪਾਰਸ ਛੁਹ ਨੇ, ਇਸ ਰਾਜ-ਹੰਸ ਨੂੰ ਹਰਿਮੰਦਿਰ ਦੇ ਉਸ ਅੰਮ੍ਰਿਤ ਸਰੋਵਰ ਉਤੇ ਲੈ ਆਂਦਾ, ਜਿਸ ਦੀ ਆਭਾ ਸਦਾ ਜੁਆਨ ਜਿਸਦਾ ਮਿੱਠਾ ਸੰਗੀਤ, ਅਮਰ ਬਾਣੀ ਦੀ ਅਨਹਦੀ ਗੂੰਜ ਨੂੰ, ਰੂਹ ਦੀਆਂ ਅੱਖਾਂ ਵਿਚ ਰਚਾ ਦਿੰਦਾ ਤੇ ਅਜਿਹੀ ਅਫੁਰ ਧਿਆਨੀ ਅਵਸਥਾ ਵਿੱਚੋਂ ਮੱਤੀਆਂ ਦੀ ਝੜੀ ਲੱਗ ਪੈਂਦੀ, ਅਜਿਹੀ ਅਨੂਠੀ ਕਥਾ ਹੈ, ਇਸ ਕਰਤਾਰੀ ਪ੍ਰਤਿਭਾ ਵਾਲੇ ਕਵੀ ਮਨੁੱਖ ਦੀ।

ਪੂਰਨ ਸਿੰਘ ਨੇ ਪੰਜਾਬੀ, ਹਿੰਦੀ, ਅੰਗਰੇਜ਼ੀ ਤੇ ਜਪਾਨੀ ਆਦਿ ਕਈ ਭਾਸ਼ਾਵਾਂ ਵਿਚ ਲਿਖਿਆ ਪਰ—ਭਰਿਆ ਸਭ ਵਿਚ ਰੂਹ ਦਾ ਨਾਚ ਹੀ ਹੈ। ਇਹ ਤਾਂ ਕਵੀ-ਆਤਮਾ ਦੇ ਵੱਖ ਵੱਖ ਸਮੇਂ ਤੇ ਪਾਏ, ਵੱਖ ਵੱਖ ਰੰਗੀਨ ਬਸਤਰ ਹਨ। ਆਤਮਾ ਸਭ ਵਿਚ ਇਕ ਹੈ। ਏਸੇ ਲਈ ਇਸ ਬਾਹਰੀ ਭੇਦ ਨੂੰ ਛਡਕੇ ਅਸਾ ਉਸਦੀ ਰਚਨਾ ਵਿਚਲੀ ਵਿਆਪਕ ਸਾਂਝ ਨੂੰ ਲੱਭਣ ਦਾ ਯਤਨ ਕੀਤਾ ਹੈ।

'ਛੇਵੇਂ ਪਹਿਰ ਦਾ ਆਤਮ-ਚਿੰਤਨ' ਪੂਰਨ ਸਿੰਘ ਰਚਿਤ ਵਿਸ਼ੇਸ਼ ਕਾਵਿ-ਰਚਨਾ ਹੈ। ਇਸ ਦੀ ਵਿਸ਼ੇਸ਼ਤਾ ਕਈ ਪੱਖਾਂ ਤੋਂ ਪ੍ਰਤੱਖ ਹੈ। ਇਕ ਤਾਂ ਇਹ ਰਚਨਾ ਕਵੀ ਨੇ ਆਪਣੀ ਆਯੂ ਦੇ ਪੂੰਦ ਕਾਲ (ਬਤਾਲੀਵੇਂ ਸਾਲ) ਵਿੱਚ ਲਿਖੀ। ਇਸ ਵਿਚੋਂ ਪਕੇਰੀ ਪ੍ਰਤਿਭਾ ਦਾ ਮਿੱਠੇ ਫਲ ਦਾ ਅੰਮ੍ਰਿਤ-ਰੱਸ ਚੱਖਿਆ ਜਾ ਸਕਦਾ ਹੈ। ਦੂਜੇ ਇਹ ਸਹਿਜ ਆਵੇਸ਼ ਦੀ, ਸਹਿਜ ਰਚਨਾ ਹੈ। ਇਸ ਦਾ ਨੇਮ ਅਨੇਮੀ ਹੈ ਤੇ ਚਾਲ ਵਹਿੰਦੇ ਝਰਨੇ ਦੀ ਨਿਆਈਂ, ਆਪ ਮੁਹਾਰੀ ਇਹ ਅਨੇਕਤਾ ਨੂੰ ਏਕਤਾ ਨਾਲ ਜੋੜਦੀ ਤੇ ਏਕਤਾ ਨੂੰ ਅਨੇਕਤਾ ਵਿਚ ਵੇਖਦੀ ਹੈ। ਇਹ ਮਨੁੱਖੀ ਆਤਮਾ ਦੇ ਉਚੇਰੇ ਆਤਮਿਕ ਪੰਧ ਦਾ ਸਿਖਰਲਾ ਮਾਰਗ ਹੈ। ਇਹ ਆਤਮ ਗਿਆਨ ਤੇ ਆਤਮ ਪਛਾਣ ਦੁਆਰਾ, ਆਤਮਾ ਨੂੰ ਪਰਮਾਤਮਾ ਵਿੱਚ ਅਭੇਦ ਕਰ ਦੇਣ ਵਾਲੀ ਸੱਚੀ ਸੁੱਚੀ ਅਧਿਆਤਮਕ ਅਵਸਥਾ ਦੇ ਰਹੱਸ ਦਾ ਪਰਿਚਯ ਦੇਂਦੀ ਹੈ। ਪਰ

ਇਹ ਜੀਵਨ ਯਥਾਰਥ ਦੇ ਅਨੁਭਵ ਨਾਲ ਭੀ ਨੱਕੋ ਨੱਕ ਭਰਪੂਰ ਹੈ। ਇਸ ਵਿਚ ਬਾਲ ਦੀ ਮਾਸੂਮੀਅਤ ਕਿਰੰਨ ਦੀ ਚੰਚਲਤਾ, ਯੁਵਕ ਦੀ ਭਰਪੂਰਤਾ, ਬਿਰਧ ਦੀ ਢਲ ਚੁੱਕੀ ਜੁਆਨੀ, ਲਈ ਜਿੱਕਾ ਭਰੀ ਤੜਪਨੀ ਦੇ ਨਾਲ ਨਾਲ ਵਰਿੰਦਰ ਆਤਮ-ਸੰਤੁਸ਼ਟਤਾ ਦੀ ਭਾਵਨਾ ਭਰੀ ਪਈ ਹੈ। ਏਸੇ ਲਈ ਇਸ ਦਾ ਸੁਨੇਹਾ ਸਦਾ ਸੱਜਰਾ, ਮਹਿਕ ਸਦਾ ਤਾਜ਼ੀ ਤੇ ਭੰਡੀ ਜੀਵਨ-ਰਤਨਾਂ ਨਾਲ ਭਰੀ ਹੋਈ।

ਗਵਾਲੀਅਰ ਵਿਚ ਨਿਵਾਸ ਸਮੇਂ ਕਵੀ ਨੇ ਵਿਕਟੋਰੀਆ ਕਾਲਜ ਦੇ ਵਿਦਿਆਰਥੀਆਂ ਸਾਹਮਣੇ 12 ਨਵੰਬਰ, 1922 ਨੂੰ ਇਕ ਮਨੋਹਰ ਵਿਖਿਆਨ ਦਿਤਾ। ਇਹ ਵਿਖਿਆਨ ਕੀ ਸੀ ਕਵੀ ਦਿਲ ਤੋਂ ਵਹਿ ਰਿਹਾ ਇਕ ਕਾਵਿ-ਫੁਹਾਰਾ। ਸਭ ਸਰੋਤੇ ਵਿਸਮਾਦ ਵਿਚ ਆ ਗਏ ਤੇ ਸਭ ਇਸ ਅਹਿਰ-ਮੀਂਹ ਵਿੱਚ ਨਹਾਤੇ ਗਏ। ਕਿੰਨਾ ਪੁਨੀਤ ਸਮਾਂ ਹੋਵੇਗਾ ਉਹ ! ਤੇ ਕਿੰਨੇ ਸੁਭਾਗੇ ਹੋਣਗੇ ਉਹ ਸੱਜਣ ! ਕਵੀ ਨੇ ਮੁਤ ਉਸ ਕਾਵਿ-ਭਾਸ਼ਨ ਦੇ ਅੰਸ਼ਾਂ ਨੂੰ ਇਸ ਕਾਵਿ-ਰਚਨਾ ਵਿੱਚ ਪੁਨਰ-ਚਿਤਰਨ ਰਾਹੀਂ, ਚਿਤਰਤ ਕੀਤਾ ਤੇ ਜੱਡਿਆ ਤੇ ਇਉਂ ਸਮੇਂ ਦੀ ਇਕ ਉੱਤਮ ਕਵਿਤਾ ਹੋਂਦ ਵਿਚ ਆਈ।

ਪੂਰਨ ਸਿੰਘ ਦੀ ਕਵਿਤਾ ਦੀ ਹਰ ਪੰਕਤੀ ਆਤਮ ਕੇਂਦਰਿਤ ਹੈ। ਇਸ ਵਿਚ ਕਵੀ ਦੀ ਸੂਖਮ ਕੁਦਰਤੀ 'ਮੈਂ' ਦਾ ਜਾਗਿਆ ਤੇ 'ਅਮੈਂ' ਵਿਚ ਰਚਿਆ ਇਹਸਾਸ, ਮੁਰਤੀਮਾਨ ਹੈ। ਉਹ ਆਪਣੇ ਆਪ ਨੂੰ ਪੂਰਨ ਭੌਂ ਤੇ ਖੋਲ੍ਹ ਦਿੰਦਾ ਹੈ, ਸਾਨੂੰ ਆਪਣੀ ਆਤਮਾ ਦੇ ਧੁਰ ਅੰਦਰ ਲੈ ਜਾਂਦਾ ਹੈ, ਉਸਦੀ ਪਵਿਤਰਤਾ ਤੇ ਪੁਨੀਤਤਾ ਦੇ ਦਰਸ਼ਨ ਕਰਾਉਂਦਾ ਹੈ। ਆਪਣੇ ਅੰਦਰਲੇ ਬਾਗ ਦੇ ਖਿੜੇ ਫੁਲਾਬਾ ਦੀ ਭਿੰਨੀ ਸੁਗੰਧੀ ਵਿੱਚ ਬਿਠਾ, ਸਾਨੂੰ ਆਪਣੀ ਆਤਮਾ ਦੀ ਸੁੰਦਰਤਾ ਵਿਚ ਝਾਕਣ ਦਾ ਸੱਦਾ ਦਿੰਦਾ ਹੈ। ਕਿੰਨਾ ਉਚਾ ਹੈ, ਉਹ ਆਤਮਾ ਦਾ ਮੁਨਾਰਾ, ਜਿਥੇ ਖਲੋ ਅਸੀਂ ਤ੍ਰੈ-ਗੁਣਾਤੀਤ ਤੇ ਤ੍ਰੈਕਾਲਾਤੀਤ ਅਵਸਥਾ ਦੀ ਅਨੰਤਤਾ ਵਿਚ ਆਪਣੇ ਆਪ ਨੂੰ ਗੁੰਮੇ ਗੁੰਮੇ ਵੇਖਦੇ ਹਾਂ। ਗੁੰਮੇ ਗੁੰਮੇ ਪਰ ਜਾਗੇ ਜਾਗੇ। ਸਾਨੂੰ ਉਸ ਕੁਆਰੀ ਸੁੰਦਰਤਾ ਦਾ ਅਨੁਭਵ ਹੁੰਦਾ ਹੈ, ਜੋ ਸ੍ਰਿਸ਼ਟੀ ਦੇ ਆਦਿ ਕਾਲ ਵਿੱਚ ਸੀ ਤੇ ਜੋ ਸ੍ਰਿਸ਼ਟੀ ਦੇ ਅੰਤ ਸਮੇਂ ਦੀ ਮਹਾ ਪ੍ਰਲਾਅ ਵਿੱਚ ਦੀ ਪਸਰੀ ਹੋਵੇਗੀ। ਪਰ ਇਹ ਹੁਣ ਦੇ ਛਿਨ ਤੋਂ ਦੀ ਦੂਰ ਨਹੀਂ। ਇਸ ਆਤਮ ਚਿੰਤਨ ਵਿਚ ਕਵੀ ਨੇ ਹੁਣ ਦੇ ਪਲ ਨੂੰ ਫੜਨ ਦਾ ਹੀ ਯਤਨ ਕੀਤਾ ਹੈ। ਆਤਮ ਚੇਤਨਤਾ ਦੇ ਭਖਦੇ ਕਾਵਿ-ਅਨੁਭਵ ਨੂੰ ਉਹ ਇਉਂ ਵਰਨਣ ਕਰਦਾ ਹੈ :

ਸਾਵਣ ਮਾਹ ਦੇ ਸੁਰਮਈਂ,
ਸੰਦਲੀ ਬੱਦਲ ਲੰਘਦੇ,
ਮੇਰੇ ਅੰਦਰ;
ਆਪਣੀਆਂ ਮਧੁਰ-ਤਰਲ ਧੁਨਾਂ ਛੋੜਦੇ;
ਬਿਜਲੀ ਚਮਕਦੀ ਤੇ ਗਰਜ ਉਠਦੀ,
ਮੇਰੇ ਅੰਦਰ;
ਗੁਲਾਬਾ ਦਾ ਮੀਂਹ ਵਰ੍ਹਦਾ।

ਪਰ-ਇਸ ਜਾਗੀ ਹੋਈ ਆਤਮਕ ਚੇਤਨਤਾ ਦੀ ਸੰਪੂਰਨਤਾ, ਪ੍ਰੀਤਮ ਦੇ ਪਿਆਰ-ਛੋਹ

ਲਈ ਸਿੱਕ ਵਿੱਚ ਲੁਕੀ ਪਈ ਹੈ ਤੇ ਇਸ ਦੀ ਸੰਪੂਰਨਤਾ ਤਦਰੂਪਤਾ ਦੀ ਅਭੇਦਤਾ ਲਈ ਤਾਂਘਦੀ ਹੈ :

ਵੱਡੇ ਚਿੱਟੇ ਕੰਵਲ;
ਮੇਰੇ ਪ੍ਰੀਤਮ,
ਮੈਂ ਮਕਰੰਦ ਦੀ ਜਾਚਕ;
ਮਧੂ-ਮੱਖੀ
ਰਾਤ ਪਈ;
ਮੈਨੂੰ ਕੱਜਣ ਦੇ ਕੇ ਢੱਕ ਲਏ
ਆਪਣੇ ਕੋਮਲ ਉਰੇ ਪੱਤਰਾਂ ਵਿੱਚ;
ਤੇ ਸਮਾ ਲਏ ਮੈਨੂੰ
ਆਪਣੀ ਮਹਿਕ ਭਰੀ ਹੋਂਦ ਵਿੱਚ।

ਇਸ ਅਮੀਰ ਕਾਵਿ ਵਿਚ ਅਨੇਕ ਅਮਰ ਭੇਤਾਂ ਤੇ ਅਟੱਲ ਸਚਾਈਆਂ ਦੇ ਵਡਮੁੱਲੇ ਨਗੀਨੇ ਜੜੇ ਪਏ ਹਨ। ਇਹ ਕਵੀ ਦੇ ਮੌਲਿਕ ਕਾਵਿ ਸਿਧਾਂਤ ਦੀ ਸੂਰੇ ਸਿੱਧ ਤੇ ਸਵੈ-ਸਪੱਸ਼ਟ ਵਿਆਖਿਆ ਕਰਦੇ ਹਨ। ਸੁੰਦਰਤਾ ਕੀ ਹੈ ? ਕਵਿਤਾ ਕੀ ? ਤੇ ਪਿਆਰ ਕੀ ? ਰਹੱਸਵਾਦੀ ਅਨੁਭਵ ਕਿਉਂ' ਗੂੰਗਾ ਤੇ ਮੂਕ ਰਹਿੰਦਾ ਹੈ? ਬਿੰਦੂ ਤੇ ਅਨੰਤ ਦਾ ਕੀ ਰਿਸ਼ਤਾ ਹੈ ? ਸੰਸਾਰਕ ਗਿਆਨ ਕਿਉਂ ਸਸੀਮ ਹੈ ਤੇ ਅਧਿਆਤਮਕ ਗਿਆਨ ਕਿਉਂ ਅਸੀਮ ਹੈ ? ਮਨੁੱਖ ਦੇ ਜੀਵਨ ਦੀ ਵਾਸਤਵਿਕਤਾ ਕੀ ਹੈ ? ਇਹਨਾਂ ਸਭ ਪ੍ਰਸ਼ਨਾਂ ਦਾ ਉੱਤਰ ਕਵੀ ਇਸ ਰਚਨਾ ਵਿਚ ਦੇਂਦਾ ਹੈ।

ਮੈਂ ਯਤਨ ਕੀਤਾ ਹੈ ਕਿ ਕਵੀ ਦੀ ਇਸ ਮਹਾਨ ਰਚਨਾ ਦੀ ਆਤਮਾ ਨੂੰ ਆਤਮਾ ਦੇ ਨੇੜੇ ਰਹਿਕੇ, ਉਸਨੂੰ ਪੰਜਾਬੀ ਰੂਪ ਦੇ ਸਕਾਂ। ਮੈਨੂੰ ਆਪਣੀਆਂ ਸੀਮਾਵਾਂ ਤੇ ਮੁਸ਼ਕਲਾਂ ਦਾ ਇਹਸਾਸ ਹੈ। ਇਸ ਰਚਨਾ ਦੀਆਂ ਤਰੁੱਟੀਆਂ ਨਿਰੋਲ ਮੇਰੀਆਂ ਆਪਣੀਆਂ ਤੇ ਕੁਣ ਉਸ ਪ੍ਰਭੂ ਦੀ ਬਖਸ਼ਿਸ਼ ਹਨ। ਵਰਦਾਨ ਤੋਂ ਬਿਨਾਂ ਜਿਵੇਂ ਅਜਿਹੀ ਕਵਿਤਾ ਰਚੀ ਨਹੀਂ ਜਾ ਸਕਦੀ, ਤਿਵੇਂ ਇਸ ਦੇ ਕੋਲ ਖਲੋ ਸਕਣਾ ਵੀ ਚੰਗੇ ਭਾਗਾਂ ਤੋਂ ਬਿਨਾਂ ਸੰਭਵ ਨਹੀਂ। ਘਟੋ ਘੱਟ ਇਸ ਅਨੁਵਾਦ ਰਾਹੀਂ ਮੈਂ ਮਹਾਂ-ਕਵੀ ਦੇ ਨੇੜੇ ਗਿਆ ਹਾਂ, ਉਸ ਦੀ ਛੁਹ ਪ੍ਰਾਪਤ ਕੀਤੀ ਤੇ ਮੈਨੂੰ ਪੂਰਨ ਵਿਸ਼ਵਾਸ ਹੈ ਕਿ ਜੋ ਕੋਈ ਵੀ ਇਸ ਮਹਾਨ ਰਚਨਾ ਨੂੰ ਸੁਹਿਰਦਤਾ ਨਾਲ ਪੜ੍ਹੇਗਾ ਉਹ ਅਵੱਸ਼ ਹੀ ਮਹਾਂ-ਕਵੀ ਦਾਰਸ਼ਨਿਕ ਤੇ ਰਹੱਸਵਾਦੀ ਸਵਰਗਵਾਸੀ ਪ੍ਰੋ. ਪੂਰਨ ਸਿੰਘ ਦੇ ਨੇੜੇ ਹੋ ਸਕਣ ਦਾ ਸੁਭਾਗ ਪ੍ਰਾਪਤ ਕਰੇਗਾ। ਦੋ ਕਵਿਤਾਵਾਂ 'ਰਾਜ ਹੰਸ' ਤੇ 'ਕੋਇਲ' 'ਕ੍ਰਿੰਝਣ-ਭੈਣਾਂ' ਵਿਚੋਂ ਲਈਆਂ ਗਈਆਂ ਹਨ : ਇਨ੍ਹਾਂ ਦਾ ਵਿਸ਼ਾ ਵੀ ਪਹਿਲੀ ਕਵਿਤਾ ਨਾਲ ਮੇਲ ਖਾਂਦਾ ਤੇ ਇਕ ਤਰ੍ਹਾਂ ਨਾਲ ਉਸ ਦਾ ਪੂਰਕ ਹੈ।

ਕਿਰਪਾਲ ਸਿੰਘ ਕਸੇਲ

ਲੌਢੇ ਪਹਿਰ ਦਾ ਆਤਮ-ਚਿੰਤਨ

ਤੁਸਾਂ ਮੈਨੂੰ ਉਦੋਂ ਛੜਿਆ;
ਜਦ ਬਿਰਧ-ਵਰੇਸ ਦੇ ਛਿਣ,
ਮੇਰੇ ਤੇ ਆ ਛਾਏ।
ਕੁਹਾਨੂੰ,
ਇਹ ਗੱਲ
ਭਾਵੇਂ ਬੜੀ ਵਚਿੱਤਰ ਜਾਪੇ,
ਪਰ—
ਮੈਂ ਹੁਣ ਹੋਇਆ;
ਜੀਵਨ ਦੇ ਇਨ੍ਹਾਂ ਛਿਣਾਂ ਦੀ;
ਸੰਗਤ ਵਿਚ ਰਹਿਣ ਦਾ ਆਦੀ।
ਜੋ
ਆਉਂਦੇ ਜਾਂਦੇ;
ਮੈਨੂੰ ਛੇੜਦੇ,
ਕਦੀ ਮੈਨੂੰ ਜਗਾਉਂਦੇ
ਤੇ ਫਿਰ ਸੁਲਾਉਂਦੇ-
ਕਦੇ ਮੇਰੇ ਸੰਗ ਖੇਡਦੇ;
ਫਿਰ ਮੈਨੂੰ ਛੱਡ ਜਾਂਦੇ।
ਸਮੂਹ ਜੀਵਨ ਦੇ ਚੱਕਰ,
ਨਹੀਂ।
ਕਦੇ ਜੂਨਾਂ ਦੇ ਇਕੋ ਵਿਚ,

ਇਕੋ ਜੂਨ ਦੇ ਕਦੀਆਂ ਵਿਚ—
ਇਨ੍ਹਾਂ ਛਿਣਾਂ ਵਿਚ;
ਮੇਰੇ ਅੰਦਰ ਸੰਪੂਰਨ।

ਲੱਕ ਕਹਿੰਦੇ—
ਉਹ ਬੁੱਢੀਆਂ ਪੈੜਾਂ,
ਆਪਣੇ ਪਿੱਛੇ ਛੱਡ ਜਾਂਦੇ,
ਪਰ—
ਮੈਂ ਵੇਖਦਾ,
ਪੁਰਾਣੇ ਤੇ ਨਵੇਂ,
ਪਿਛਲੇ ਤੇ ਅਗਲੇ;
ਪਹੀਏ ਦੀਆਂ ਤਾਰਾਂ ਵਾਂਗ
ਸਭ ਨਿਰੰਤਰ,
ਮੇਰੇ ਵੱਲ ਪਰਤਦੇ।

ਜੋ ਕੁਝ ਵੀ ਸੀ;
ਹੈ ਤੇ ਹੰਢੇਗਾ,
ਮੇਰੇ ਨਾਲ ਤੁਰਦਾ;
ਮੇਰਾ ਭਵਿਖਤ-ਪੰਧ
ਮੇਰੇ ਸਿਰਾਂ ਤੇ
ਕੁੰਡਲ ਮਾਰੀਂ ਬੈਠਾ;
ਜਾ ਮਿਲਦਾ, ਉਸ ਸਿਰੇ ਨੂੰ,
ਖੜਾ ਜੋ ਮੇਰੇ ਪੈਰਾਂ ਥੱਲੇ।

ਯਾਤਰੀ ਦਾ ਪੰਧ;
ਇਕ ਸ਼ਾਨਦਾਰ ਪ੍ਰਭਾ ਮੰਡਲ ਬਣ

ਸਿਰ ਤੋਂ ਪੈਰਾਂ ਤਕ;
ਮੇਰੇ ਦੁਆਲੇ;
ਚੱਕਰ ਲਾਉਂਦਾ।
ਮੈਂ ਆਪਣੇ ਗੀਤ ਦੇ ਦਾਇਰੇ ਵਿੱਚ;
ਸਮਾਇਆ ਰਹਿੰਦਾ।

ਕਈ ਵਾਰ ਬਾਲਪਣ ਮੈਨੂੰ;
ਆ ਘੇਰਦਾ,
ਤੇ ਮੈਨੂੰ ਇੰਜ ਮਹਿਸੂਸ ਹੁੰਦਾ,
ਕਿ ਮੈਂ ਆਪਣੀ;
ਬਤਾਲੀ ਸਾਲ ਦੀ ਉਮਰ ਵਿਚ ਵੀ;
ਇਕ ਨੰਨ੍ਹਾ ਬੱਚਾ,
ਆਪਣੀ ਮਾਂ ਦੀ ਗੋਦੀ ਵਿਚ ਲੇਟਿਆ
ਜਿਸਨੇ ਆਪਣੀ ਸ਼ਾਲ ਨਾਲ;
ਮੈਨੂੰ ਕੱਜਿਆ।
ਮੈਂ ਆਪਣੇ ਨਿੱਕੇ ਨਿੱਕੇ ਚਿੱਟੇ ਦੰਦਾਂ ਨਾਲ;
ਉਸਦੀ ਛਾਤੀ ਵਜ਼ੋਂ
ਜੋਬਨ ਸੰਮਿਆਂ ਨੂੰ;
ਮੂੰਹ ਵਿੱਚ ਪਾਈ;
ਅਬਿਨਾਸ਼ੀ ਸੁੱਤ 'ਚੋਂ
ਪਿਆਰ ਦਾ ਅੰਮ੍ਰਿਤ ਪੀਂਦਾ।

ਦਿਉ ਮੈਂ ਧਰਤੀ ਤੇ ਅੰਬਰ ਦੇ;
ਸੁਪਨਿਆਂ ਵਿਚ ਘੰਟਿਆਂ ਬੱਧੀ,
ਲੇਟਿਆ ਰਹਿੰਦਾ,
ਸਾਰੀ ਜ਼ਿੰਦਗੀ ਨੂੰ;

ਲੱਭ ਲੈਂਦਾ
ਤੇ ਉਸ ਵਿੱਚ ਸਮਾ ਜਾਂਦਾ ।

ਫਿਰ ਮੇਰਾ ਲੜਕਪਨ,
ਮੈਨੂੰ ਆ ਚੁਭਦਾ ।
ਬੱਚਿਆਂ ਵਾਲੀਆਂ;
ਅੱਲ੍ਹੜ ਮੁਰਖਤਾਵਾਂ ਵਿੱਚ ਵੀ,
ਮੈਂ ਖ਼ੁਸ਼ੀ ਨਾਲ ਖਿੜ ਉਠਦਾ
ਜਿਵੇਂ ਇਕ ਵਾਰ ਦਿਸਨੂੰ;
ਮੁਡ ਜਦਾ ਲਈ
ਮਾਨਣਾ ਹੁੰਦੇ ।
ਇਥੇ ਮੈਨੂੰ ਖ਼ੁਸ਼ੀ ਦੀ;
ਉਹ ਪੱਕੀ ਫਸਲ ਮਿਲਦੀ,
ਜਿਸਨੂੰ ਗਿਆਨ ਦੀਆਂ ਅੱਖਾਂ;
ਘੱਟ ਹੀ ਸਾਂਭਦੀਆਂ ।
ਪੰਸਤ-ਫੁੱਲਾਂ
ਬੁਲਬੁਲਿਆਂ,
ਪੱਥਰ ਗੀਟਿਆਂ ਨੂੰ;
'ਕੱਠਾ ਕਰਦਾ,
ਚੀਕਾਂ ਮਾਰਦਾ
ਖ਼ੁਸ਼ੀਆਂ ਨਾਲ ਲੱਦਿਆ;
ਸ਼ਰਾਰਤਾਂ ਨਾਲ ਫੁੱਟ ਫੁੱਟ ਪੈਂਦਾ,
ਆਪਣੇ ਹੱਥੀਂ;
ਹਰ ਵਸਤ ਨਾਲ ਭਰਪੂਰ,
ਮੈਂ ਇਸ ਸੰਸਾਰ ਨੂੰ ਜਿੱਤ ਲੈਂਦਾ ।

ਜਵਾਨੀ ਮੇਰਾ ਪਿੱਛਾ ਕਰਦੀ;
ਜਿਉਂ ਜਿਉਂ ਮੈਂ;
ਇਸ ਤੋਂ ਦੂਰ ਹੁੰਦਾ,
ਖ਼ੁਸ਼ੀ ਦੀ ਹੋਂਦ ਲਈ ਬੇਕਰਾਰ;
ਨਿਰੰਤਰ ਤੜਪਣੀ

ਇਕ ਛਿਣ ਵਿਚ;
ਮੇਰੀਆਂ ਸਦੀਆਂ ਨੂੰ;
ਲਾਲ, ਪੱਕੇ ਹੋਏ;
ਰਸ-ਭਰਪੂਰ ਫਲ ਵਾਂਙ;
ਝਣਾ ਚਿੰਦੀ ।

ਮੈਂ ਜਵਾਨੀ ਦੇ,
ਇਸ ਤੇਜ ਉਡ ਰਹੇ ਛਿਣ ਨੂੰ,
ਪਤਝੜ ਦੀ ਰੁੱਤੇ;
ਹਰੇ ਪੱਤਿਆਂ ਦੇ ਝੁੰਡਾ ਵਿਚ;
ਅਧ-ਕੱਜੇ
ਸੰਤ-ਰੰਗੇ
ਲਟਕਦੇ ਸੰਗਤਰਿਆ ਦੇ ਬ੍ਰਿਛ ਵਾਂਙ,
ਜੋ
ਆਪਣੀ ਸੁੰਦਰਤਾ ਦੇ ਭਾਰ ਨਾਲ;
ਟਹਿਣੀਆਂ ਨੂੰ ਹੀ,
ਝੁਕਾ ਲੈਂਦਾ;
ਪਿਆਰ ਕਰਦਾ ।

ਗੁਲਾਬੀ ਬੁੱਲ੍ਹਾਂ ਵਾਲੀ ਜਵਾਨੀ,

ਅਮੀਰ, ਗਰੀਬ
ਦੋਹਾਂ ਲਈ;
ਪ੍ਰਭੂ ਆਗਮਨ ਸਮਾਨ।
ਪਰ—ਮੈਂ ਪ੍ਰਭੂ ਨੂੰ,
ਉਦੋਂ ਨਿਰੰਜਨ ਆਪਣਾ ਸਮਝਦਾ;
ਜਦ ਉਹ ਮੈਨੂੰ ਆਪਣੀ ਬਖਸ਼ਿਸ਼ ਨਾਲ;
ਭਰਪੂਰ ਕਰ ਚਿੰਦਾ।

* * *

ਮੇਰੀ ਬਿਰਧ-ਵਰੇਸ ਦੇ ਛਿਣ,
ਧਾਰੀਦਾਰ ਝੁਰੜਾਏ,
ਦਾਨੇ ਤੇ ਹਿਸਾਬੀ;
ਨਿਚੱਜੇ ਨਿੰਬ-ਹਾਰ
ਸੁਗੰਧੀ ਜਿੰਨ੍ਹਾਂ ਦੀ ਵੱਖਰੀ।
ਪਰ
ਵਿਹੂਣੇ ਇਹ ਉਸ ਰਸ ਤੋਂ;
ਜਿਸ ਨਾਲ
ਮੇਰੀ ਚੈਦੀ ਕਿਸ਼ੋਰ ਅਵਸਥਾ,
ਨੱਕੋ ਨੱਕ ਭਰਪੂਰ ਰਹਿੰਦੀ।

ਇੰਨ੍ਹਾਂ ਅੰਖ,
ਰੰਗ ਬਰੰਗੀ ਛਿਣਾਂ,
ਅਕਾਰਾਂ ਪ੍ਰਕਾਰਾਂ ਦਾ ਅਜਿਹਾ ਮਾਰਗ,
ਜਲ ਪੰਣਾਂ
ਦੇਸ਼ਾਂ ਤੇ ਜਾਤੀਆਂ ਦੇ ਜਾਏ'ਦੇ;
ਤੀਰਥ-ਯਾਤਰੀਆਂ ਦੇ;
ਪੰਧ ਸਮਾਨ;

ਮੈਨੂੰ ਉਨ੍ਹਾਂ ਦੇ ਪੈਰਾਂ ਦਾ ਖੜਾਕ
ਸੁਣਾਈ ਦਿੰਦਾ ।

*　　*　　*

ਤੁਸਾਂ ਮੈਨੂੰ,
ਅਕਾਸ਼ ਦੇ ਡਰਾਉ ਬੱਲੇ;
ਖੁਲ੍ਹੀ ਪਵਨ ਵਿਚ,
ਕੁਝ ਕਹਿਣ ਲਈ ਸੱਦਾ ਦੇ;
ਵੜਾ ਚੰਗਾ ਕੀਤਾ।

ਮੈਨੂੰ ਤਾਂ;
ਘਟ ਹੀ ਪਤਾ ਨਹਿੰਦਾ,
ਕਿ ਮੈਂ ਕਿੱਥੇ ਖੜਾ ?
ਆਪਣੇ ਸਿਰ ਦੇ ਕੁੰਬਦ ਵਿਚ;
ਜਾਂ ਅੰਬਰ ਦੇ ਗੁੰਬਦ ਹੇਠ ?

ਮੈਂ ਬਾਹਰ ਅਨੰਤ ਵਿਚ,
ਉਡ ਜਾਂਦਾ ।
ਕੀ ਹੋਇਆ,
ਜੇ ਮੇਰੇ ਮਿੱਟੀ-ਗੱਡੇ ਪੈਰ;
ਮੈਨੂੰ ਧਰਤੀ ਨਾਲ ਜਕੜੀ ਬੈਠੇ ।

ਮੈਂ ਨਹੀਂ ਕਹਿ ਸਕਦਾ,
ਮੇਰਾ ਆਪਾ ਕਿਹੜਾ ?
ਇਹ ਸਰੀਰ
ਜਾਂ
ਉਹ ਅਸਲੀਹੀ ਅਨੰਤ;

ਮੈਨੂੰ ਤਾਂ
ਇੰਜ ਲਗਦਾ, ਜਿਵੇਂ
ਇਹ ਦੰਦੇਂ ਹੀ ਮੇਰੇ ਆਲ੍ਹਣੇ।
* * *
ਜਦ ਮੈਂ ਲੜਕਪਨ 'ਚੋਂ ਨਿਕਲਿਆ,
ਮੇਰੀ ਆਤਮਾ ਆਪਣੇ ਆਪਨੂੰ;
ਜਾਨਣ ਲਈ ਵਿਆਕੁ ਸੀ।
ਅਧਰ ਗਿਆਨ ਪ੍ਰਾਪਤੀ ਦੀ
ਸਾਡੀ ਵਿੱਛਾ ਇਸ ਤੋਂ ਬਿਨਾ;
ਹੰਰ ਹੈ ਵੀ ਕੀ ?
ਛੁੱਟ ਇਸ ਤੋਂ ਹਨੇਰੇ ਵਿਚ
ਲਗਾਤਾਰ ਟੋਹ ਟੋਹ ਕੇ;
ਅਸੀਂ ਲੱਭ ਲਈਏ;
ਉਹ ਚਾਨਣ;
ਜੋ ਸਾਡੇ ਅੰਦਰ ਵੁੱਪਿਆ।

ਸਭ ਸਾਥੀ ਮਨੁੱਖਾਂ ਵਾਂਗ,
ਮੈਂ ਵੀ ਇਸ ਗੁਫਾ ਵਿਚ;
ਚਕਮਾਕ ਪੱਥਰਾਂ ਦਾ ਜੋੜਾ,
ਲੱਭ ਸਕਦਾ;
ਜਿਨ੍ਹਾਂ ਦੀ ਰਗੜ 'ਚੋਂ;
ਚੰਗਿਆੜੀਆਂ ਮਚਾ;
ਜਗਾ ਸਕਦਾ,
ਆਪਣੇ ਦਿਲ ਦੇ ਦੀਪ ਨੂੰ
ਤੇ ਜਿਸ ਦੀ ਲੋਅ ਵਿਚ, ਮੈਂ;
ਝਲਕ ਪਾ ਸਕਦਾ;

ਆਪਣੀ ਆਤਮਾ ਦੇ ਪਵਿਤਰ ਮੰਦਰ ਵਿਚ;
ਪ੍ਰੀਤਮ ਦੇ ਦੀਦਾਰ ਦੀ।

ਜਿਉਂ ਜਿਉਂ ਦਿਹਿਆ ਦੇ ਖੇਤ੍ਰ ਵਿਚ,
ਮੈਂ ਅੱਗੇ ਵਧਿਆ;
ਮੈਨੂੰ ਲੱਗਾ,
ਬਾਹਰ ਵਲੋਂ ਵਿਚਾਰ ਤੇ ਵਸਤੂ,
ਮੇਰੇ ਅੰਦਰ ਪ੍ਰਵੇਸ਼ ਕਰਦੇ।
ਮੈਂ ਗਿਆਨ ਨਾਲ ਉਛਲਿਆ,
ਤੇ ਧਿਆਨ ਨਾਲ;
ਇਕੱਤਰ ਕੀਤੇ ਤੱਥਾਂ ਵਿਚ ਗਿਆ ਘੁੱਟਿਆ;
ਪਰ ਮੈਂ ਜਾਤਾ,
ਹੈ ਇਹ ਸਭ ਮਿਥਿਆ।

ਮੇਰੇ ਅੰਦਰ ਸਾਹ ਲੈਣ ਲਈ ਭੀ,
ਥਾਂ ਬਾਕੀ ਨਾ ਰਿਹਾ;
ਨਾਮ, ਤ੍ਰਿਖੀਆਂ, ਯੋਜਨਾਵਾਂ, ਕੰਮਾਂ ਦਾ,

ਵਿਚਾਰ ਤੇ ਸੋਚਾਂ,
ਮੇਰੇ ਮਨ ਵਿਚ;
ਮਨੁੱਖਾਂ ਦੀਆਂ ਭੀੜਾਂ ਵਾਂਗ,
ਏਧਰ ਉਧਰ ਖੇਭਣੀਆਂ;
ਨੱਸੀਆਂ ਫਿਰਦੀਆਂ;
* * *
ਪਰ
ਕੋਈ ਵੀ ਕਦਮ;
ਸਦਾ ਗ਼ਲਤ ਨਹੀਂ—

ਕੰਦੀ ਵੀ ਪਾਪ;
ਆਪਣੇ ਪੁਨੀਤ ਮਨੋਰਥ ਤੋਂ ਬਿਨਾ ਨਹੀਂ—
ਕੰਦੀ ਵੀ ਨਿਸ਼ਾਨਾ ਚੁੱਕਦਾ ਨਹੀਂ
ਆਤਮਾ;
ਆਪਣੇ ਨਿਸ਼ਚਿਤ ਟੀਚੇ ਵੱਲ ਜਾ ਰਹੀ।
ਅਜਿਹੀ ਵਿਦਿਆ ਵੀ,
ਇਕ ਆਤਮ-ਪੰਧ—
ਜਿਸਨੇ ਹਾਲੀ ਬੁੱਧ ਗਿਆਨ ਦਾ ਰੂਪ
ਨਹੀਂ ਸੀ ਧਾਰਿਆ।

ਇਹ ਭਾ;
ਇਕ ਭੁੱਖ ਮਿਟਾਉਣ ਦੀ ਇੱਛਾ,
ਜਿਹੜੀ ਆਪਣੀ ਨਵਿਰਤੀ ਲਈ;
ਰੰਦੀ ਲੰਬਦੀ।
ਭੁੱਖ ਦੀ ਨਵਿਰਤੀ;
ਤਾਂ ਹੋ ਗਈ;
ਪਰ ਕਿਹਾ ਜਾ ਸਕਦਾ ਕਿ
ਇਹ ਇਕ;
ਉਹਤ ਗੁਹੜਾ ਪਦਾਰਥ।

ਜਿਸਨੂੰ ਉੱਨਾ ਚਿਰ;
ਆਪਣਾ ਨਹੀਂ ਸੀ ਕਿਹਾ ਜਾ ਸਕਦਾ;
ਜਿੰਨ੍ਹਾ ਚਿਰ ਤਕ ਉਹ;
ਆਪਣੀ ਹੋਂਦ ਮਿਟਾ ਕੇ,
ਮੇਰੇ ਖ਼ੂਨ ਤੇ ਹੱਡੀਆਂ ਦਾ;
ਭਾਗ ਨਾ ਬਣ ਜਾਂਦਾ।

* * *

ਹਰ ਮਨੁੱਖ ਦੇ ਜੀਵਨ ਵਿਚ,
ਇਕ ਸਮਾਂ ਆਉਂਦਾ;
ਜਦ ਭਾਰੇ ਪੁਸਤਕਾਲਿਆਂ ਨੂੰ,
ਦਰਵਾਜਿਓਂ ਬਾਹਰ;
ਸੁੱਟਣਾ ਪੈਂਦਾ ।
ਤਾਂ ਜੁ
ਚਮਕਦਾਰ ਧੁੱਪ ਦੇ;
ਅੰਦਰ ਆਉਣ ਲਈ
ਖੁੜੀਂਦੀ ਥਾਂ ਬਣਾਈ ਜਾ ਸਕੇ ।
ਪੁਸਤਕਾਂ ਤੋਂ ਇਨ੍ਹਾਂ ਦੇ
ਕਿਤਾਬੀ ਗਿਆਨ-ਭੰਡਾਰ ਨੂੰ,
ਬਾਹਰ ਸੁੱਟਣਾ ਪੈਂਦਾ;
ਕਿਉਂ ਜੋ ਏਨਾਂ ਨੇ ਹੁਣ ਤਕ,
ਸਾਡੇ ਅੰਦਰੋਂ ਜੀਵਨ ਦੀਆਂ
ਕਰੂੰਬਲਾਂ ਦੇ ਖੁੱਲ੍ਹੇ-ਪੁੰਗਾਰੇ ਵਿਚ;
ਰੋਕ ਪਾਈ ਰੱਖੀ ।

ਸਾਨੂੰ ਆਪਣੇ ਅੰਦਰਲੇ ਨੂੰ,
ਦੇਸ਼ ਤੇ ਕਾਲ;
ਦੇਹਾਂ ਤੋਂ
ਸੁਰਖਰੂ ਕਰਨਾ ਪੈਂਦਾ,
ਤਾਂ ਜੋ
ਆਪਣੇ ਅੰਦਰ ਅਨੰਤ ਦੀ;
ਵਿਸ਼ਾਲਤਾ ਨੂੰ ਸਮੋਇਆ ਜਾ ਸਕੇ;

ਗਿਆਨ ਜੀਵਨ ਨਾਲ ਹਮਦਰਦੀ

ਇਸ ਦੀ ਸੁੰਦਰਤਾ ਦਾ ਅਨੰਦ;
ਇਸਦੇ ਰੰਗਾਂ ਦੀ ਅਮੀਰੀ;
ਇਸਦੀਆਂ ਮਹਾਨ
ਪ੍ਰੇਰਨਾਵਾਂ ਦੀ ਸ਼ਕਤੀ।

ਆਖਰ ਦਮ ਲੈਂ;
ਵਿਦਿਆ ਤੇ ਵਿਚਾਰ ਦੇ,
ਬੰਧਨਾਂ ਤੋਂ
ਮੁਕਤ ਹੋ
ਹੁਣ ਮੇਰੇ ਅੰਦਰ ਵਿਚਾਰ,
ਆਪਣੀ ਸਿਮਰਣ ਸ਼ਕਤੀ ਦੇ ਖਾਨਿਆਂ ਵਿਚ,
ਥਲੀਆਂ ਖੁਲ੍ਹੀਆਂ ਪੁਸਤਕਾਂ ਦੇ
ਪੰਨਿਆਂ ਵਿਚੋਂ ਨਹੀਂ ਉਗਮਦੇ।
ਉਹ ਅਨੰਤ ਭੂਮੀ ਵਿਚੋਂ ਫੁਟਦੇ,
ਉਵੇਂ ਹੀ
ਜਿਵੇਂ ਤੁਸੀਂ-ਪਰ੍ਹੇ ਅੰਹਨਾ ਬ੍ਰਿਛਾਂ ਨੂੰ,
ਉਪਰ ਆਉਂਦੇ ਵੇਖਦੇ।

ਪੁਰਾਣੇ ਸਮੇਂ ਵਾਂਗ,
ਇਹ ਹੁਣ ਉਸ ਤਰ੍ਹਾਂ ਨਹੀਂ ਆਉਂਦੇ,
ਜਿਵੇਂ ਇਹ ਬੱਝੇ
ਸੰਗੀਨ ਦੀ ਨੋਕ ਤੇ;
ਇਕ ਦੂਜੇ ਨਾਲ ਤਰਕ ਦੀ
ਅਨੁਮਾਨ ਸੰਗਲੀ ਵਿਚ;
ਜਕੜੇ ਆਉਂਦੇ।
ਪਰ ਹੁਣ ਇਹ;

ਆਪਣੇ ਆਪ ਆ ਜਾਂਦੇ
ਜਿਵੇਂ ਅੰਤਰੀਵ ਯਥਾਰਥ ਦੀਆਂ
ਵਸਤਾਂ।
ਆਪਣੇ ਹੀ ਨੇਮਾਂ ਨਾਲ
ਵਿਕਸਤ ਹੋਂ;
ਇਹ ਆਪਣੇ ਆਪੇ ਕੱਲ
ਆ ਖਲੋਂਦੇ।
ਫਿਰ ਭੀ ਅਚੰਭਾ ?
ਇਹ ਵਿਚਾਰ ਕਿਵੇਂ ਪ੍ਰਸਪਰ ਜੁੜੇ ਰਹਿੰਦੇ ?

ਸ਼ਾਇਦ ਇਹ ਗਾਲਿਬ ਹੀ ਸੀ
ਜਿਸ ਨੇ ਇਕ ਦਿਨ
ਲੋਟਿਆ ਹੋਇਆ,
ਖਿਲਰਿਆਂ ਤਾਰੀਆਂ ਨੂੰ ਤੱਕ ਕੇ;
ਆਖਿਆ—
"ਜਗਨ ਵਿਚ ਤਾਰਿਆਂ ਦੀ;
ਪਸਰੀ ਇਹ ਲੀਲਾ—
ਕਿਸੇ ਦਾਨਸ਼ਵਰ ਦੀ ਸੱਜੀ ਕ੍ਰਿਤ,
ਨਹੀਂ ਹੋ ਸਕਦੀ।"

ਉਹਦੂ ਕਵੀਆਂ ਨੇ,
ਜੀਵਨ ਦੀ ਇਸ ਸਜੀਵ ਤਰੰਗ ਨੂੰ,
ਪਛਾਣ ਕੇ ਹੀ;
ਗ਼ਜ਼ਲ ਦੇ ਇਕ ਸ਼ੇਅਰ ਦੇ ਅਰਥ ਨੂੰ,
ਇਕ ਦੂਜੇ ਤੋਂ ਭਿੰਨ ਰਖਿਆ।
ਹਾਫ਼ਜ਼ ਆਪਣੇ ਸ਼ਿਅਰਾਂ ਨੂੰ,

ਦੂਰਅਫ਼ਸ਼ਾਨੀ
ਅਰਥਾਤ ਮੱਤਿਆਂ ਦੀ ਛਹਿਬਰ ਕਹਿੰਦਾ ।

ਕੁਦਰਤੀ ਵਸਤਾਂ,
ਜੋ ਅਸੀਂ ਵੇਖਦੇ
ਪੁਲਾੜ ਵਿਚ ਆਪਣੀ ਆਪਣੀ ਨਿੱਜਤਾ ਨੂੰ,
ਕਾਇਮ ਰੱਖੀ;
ਇਕ ਦੂਜੇ ਤੇ, ਅੱਡ ਅੱਡ ਖੜੀਆਂ ।

ਮੇਰੇ ਵਿਚਾਰ
ਰਰਕ-ਮੁਲਕ ਨਿਯਮਾਂ ਦੀ;
ਪਾਲਣਾ ਨਹੀਂ ਕਰਦੇ
ਘੰਟਿਆਂ ਬੱਧੀ,
ਮੈਂ ਉਠਾ ਤੇ ਨਿਸ਼ਾ ਸਾਹਵੇਂ ਬੈਠ,
ਨਵੇਂ ਆਉਂਦੇ ਖੰਡਿਆਂ ਦੇ ਆਗਮਨ ਨੂੰ ਭੱਕਦਾ ।
ਜਦ ਉਹ ਖਿੜਦੇ;
ਖਿੜਦਾ—
ਜਦ ਉਹ ਬੰਦ ਹੁੰਦੇ;
ਬੰਦ ਹੋ ਜਾਂਦਾ ।
ਇਸ ਤਰ੍ਹਾਂ ਦੇ ਕਿਸੇ ਇਕ ਵਿਚਾਰ ਸੰਗ,
ਖਲੋ ਸਕਣਾ
ਅਨੰਦ ਦੀ ਉਹ ਘਟਨਾ;
ਜੋ ਮੇਰੇ ਅੰਦਰ ਹੈ;
ਵਾਪਰ ਸਕਦੀ,
ਬਾਹਰ ਨਹੀਂ ।
ਮੇਰਾ ਵਿਚਾਰ

ਆਪਣੀ ਹੀ ਰੁੱਤ,
ਥਾਂ ਤੇ ਜਲਵਾਯੂ ਦੀ ਚੋਣ;
ਕਰ ਲੈਂਦਾ ।
ਹੁਨਾਲ ਇਕ ਤਰ੍ਹਾਂ ਦੇ,
ਸਿਆਲ ਦੂਜੀ ਤਰ੍ਹਾਂ ਦੇ
ਵਿਚਾਰਾਂ ਨੂੰ ਜਨਮ ਦਿੰਦਾ ।

* * *

ਇੰਜ
ਜਰ ਵਸਰਾਂ;
ਬਿਰਛਾ-ਹਾਰ ਉਗਮਕੇ,
ਮੇਰੇ ਅੰਦਰ;
ਇਸ ਤਰ੍ਹਾਂ ਰੁਰਦੀਆਂ ਫਿਰਦੀਆਂ;
ਜਿਵੇਂ ਧਰਤੀ ਦੀ ਪਿੱਠ 'ਤੇ
ਜਾਨਵਰ
ਤੇ ਪ੍ਰਭੂ ਦੀ ਮਿਹਰ ਦੀ ਪੂੰਰਨਾ ਲਈ,
ਤਾਂਘਦੀਆਂ ਰਹਿੰਦੀਆਂ ।

ਆਪਣੇ ਅੰਦਰ ਮੈਂ
ਉਸ ਆਵਾਜ਼ ਦੀ ਉਡੀਕ ਕਰਦਾ
ਜਿਹੜੀ ਸਦਾ ਵਿਚੋ ਹੀ,
ਆਪਣੇ ਮਧੁਰ ਸੰਗੀਤ ਦੀ
ਬੇ-ਖੁਦੀ ਵਿਚ;
ਸੁਣਾਈ ਦੇਂਦੀ
* * *

ਮੈਂ ਵਧੇਰਾ ਸਮਾਂ,
ਉਸ ਨੀਲੇ ਖੁਲ੍ਹੇ ਅਕਾਸ਼ ਨਾਲ;
ਭਰਪੂਰ ਰਹਿੰਦਾ,

ਜਿਹੜਾ ਪ੍ਰੀਤ ਦੇ ਕਾਮਨ-ਹਾਰ
ਮੇਰੇ ਅੰਦਰ ਤੇ ਬਾਹਰ,
ਛਾਇਆ ਰਹਿੰਦਾ ।
ਇਹੋ ਕਾਰਨ !
ਜਿਵੇਂ ਮੈਂ ਰੁਹਾਨੂੰ ਚੁੰਮਿਆ,
ਮੈਂ ਇਸ ਝਾਉਲੇ ਹੇਠਾਂ,
ਦੇਨਾਂ ਦਬ ਜਾਂਦਾ
ਕਿ ਬਹੁਤ ਵਾਰ ਮੈਨੂੰ ਪਤਾ ਨਹੀਂ ਰਹਿੰਦਾ—
ਕਿ ਇਹ ਨੀਲਾ ਅਕਾਸ਼,
ਮੇਰਾ ਸਿਰ !
ਜਾਂ ਮੇਰਾ ਸਿਰ
ਨੀਲਾ ਅਕਾਸ਼ !

ਮੈਂ ਸੱਚਾ ਦੋ
ਪ੍ਰਚਲਤ ਅਮਲਾਂ ਨੂੰ,
ਵਰਤੋਂ ਵਿਚ ਨਹੀਂ ਲਿਆਉਂਦਾ
ਜਿਵੇਂ ਕਿ ਸਾਂ ਕਦੀ ਪਹਿਲਾਂ ਲਿਆਉਂਦਾ ।
ਮੈਂ ਤਾਂ ਆਪਣੇ ਆਪ ਨੂੰ,
ਖਾਲੀ ਕਰ ਦੇਣ ਦੇ;
ਸਦਗੁਣ ਉਤੇ ਹੀ;
ਅਮਲ ਕਰਦਾ
ਆਪਣੀਆ ਅੱਖਾਂ,
ਤਟ-ਰਹਿਤ ਅਕਾਸ਼ ਦੇ ਸਿਰੇ ਚੱਲ,
ਪਸਾਰ ਦਿੰਦਾ ।
ਵਗਦੀ ਨਦੀ ਦੇ,
ਕੰਢੇ ਬੈਠ—

ਵਾਰ ਦੇ ਤਲ ਤੇ;
ਲਹਿਰਾਂ ਦੀ ਖੇਡ ਤੱਕਦਾ
ਤੇ ਆਪਣੇ ਬਿਸਤਰ 'ਤੇ ਲੇਟ,
ਤਾਰਿਆਂ ਨਾਲ ਛੁਪਣ-ਛੁਹਤ ਖੇਡਦਾ।
ਉਦੋਂ ਮੈਂ ਸੱਚ ਹੀ ਕੀ ਸਕਦਾ—
ਜਦੋਂ ਜੀਵਨ ਦੀ ਖੁਸ਼ੀ;
ਅਚਨਚੇਤ ਮੈਨੂੰ ਆ ਘੇਰਦੀ।

* * *

ਬੇਵਲ ਮੇਰੀ ਜਵਾਨੀ ਦੇ,
ਸੂਹੇ ਪੱਕੇ ਛਿਣ;
ਮੈਨੂੰ ਸ਼ਕਤੀ ਦੇਂਦੇ
ਤੇ ਮੈਂ ਭਾਵਾਵੇਸ਼ ਵਿਚ;
ਥਰਥਰਾ ਉਠਦਾ।

ਸਾਵਣ ਮਾਹ ਦੇ
ਸੁਰਮਈ,
ਸੰਦਲੀ ਬੱਦਲ ਲੰਘਦੇ—
ਮੇਰੇ ਅੰਦਰ
ਆਪਣੀਆਂ ਮਧੁਰ—ਤਰਲ ਧੁਨਾਂ ਛੋਡਦੇ
ਬਿਜਲੀ ਚਮਕਦੀ ਤੇ ਗਰਜ ਉਠਦੀ
ਮੇਰੇ ਅੰਦਰ ਗੁਲਾਬਾਂ ਦਾ ਮੀਂਹ ਵਰ੍ਹਦਾ।

ਜਦੋਂ ਇਹ ਰੁੱਤ ਗੁਜ਼ਰ ਜਾਂਦੀ,
ਮੈਂ ਉਦੋਂ ਵੀ ਅਹਿੱਲ;
ਖੜਾ ਰਹਿੰਦਾ
ਤਾਂ ਜੋ ਉਸੇ ਤਰ੍ਹਾਂ,

ਇਸ ਖੁਸ਼ੀ ਦੇ ਹੁਲਾਰੇ ਨੂੰ;
ਮਾਣ ਸਕਾਂ ।

ਮੈਂ ਫਿਰ ਬਾਹਰ ਜਾਂਦਾ
ਸਿਸ਼ਨੀ ਦੀ ਛਿੰਨ-ਭੰਗਰਤਾ ਨੂੰ;
ਵਹਿਸ਼ੀਆ-ਹਾਰ ਘੁੱਟ ਕੇ,
ਫੜ ਲੈਂਦਾ
ਤਾਂ ਜੋ ਸੁਹੱਪਣ ਦੀ ਅਨੰਤਤਾ ਨੂੰ;
ਆਪਣੇ ਕਲਾਵੇ ਵਿਚ ਘੁੱਟ ਸਕਾਂ ।

ਮੈਂ ਤਾਰੇ ਨਿਘਾਰ ਜਾਂਦਾ,
ਨਿਰੰਜਲ ਪੁਲਾੜ ਨੂੰ ਖਾ ਜਾਂਦਾ
ਸਮੱਸਤ ਕਾਲਾਂ ਨੂੰ
ਆਪਣੇ ਅੰਦਰ
'ਬੱਠਾ ਕਰ ਲੈਂਦਾ ।
ਮੈਂ
ਪੌਣ, ਪਾਣੀ ਤੇ ਅਗਨੀ ਨੂੰ,
ਪਹਿਨਣ ਲਈ ਉਠਦਾ ।
ਮੈਂ ਹਰ ਰਸਤੇ 'ਚੋਂ;
ਬਾਹਰ ਨੱਠ ਉਠਦਾ
ਤਾਂ ਜੋ ਉਨ੍ਹਾਂ ਦੇ ਦਿਲਾਂ ਦੇ ਧੁਰ ਅੰਦਰ,
ਆਪਣੇ ਆਪ ਨੂੰ;
ਬੈਠਿਆਂ ਲੱਭ ਸਕਾਂ ।

ਮੈਂ ਮੁਡ ਮੁਡ ਆਪਣੇ ਆਪ ਨੂੰ,
ਪ੍ਰੀਤ ਦੇ ਬੰਧਨਾਂ ਤੋਂ

ਮੁਕਤ ਕਰਦਾ
ਪਰ ਆਪਣੇ ਆਪਨੂੰ ਸਦਾ,
ਉਸਦੀਆਂ ਬਾਹਾਂ ਵਿਚ ਘੁਟਿਆ ਵੇਖਦਾ,
ਜੋ ਕਿਸੇ ਮਹਾਂ ਅਨੰਦ ਵਿਚ;
ਮੇਰੇ ਦਆਲੇ
ਪੀੜੀਆਂ ਜਾਂਦੀਆਂ ।

* * *

ਆਹ !
ਮਨੱਵੇਗਾਂ ਦਾ ਝੱਲਾ
ਮੈਨੂੰ ਆ ਘੇਰਦਾ ।
ਹਰ ਚੀਜ਼ ਦੀ ਘੁਟਨੀ ਵਿਚ,
ਮੈਂ ਕੁਆਚ ਜਾਂਦਾ,
ਮੈਂ ਆਪਣਾ ਆਪ ਭੁੱਲ ਜਾਂਦਾ—
ਮੈਂ ਪਿਘਲ ਜਾਂਦਾ, ਮੈਂ ਪਿਘਲ ਜਾਂਦਾ;
ਜਿਵੇਂ ਸਾਗਰ ਵਿਚ;
ਬਰਫ ਦਾ ਗੰਹਣਾ ।
ਮੈਂ ਡਿਗ ਡਿਗ ਪੈਂਦਾ, ਮੈਂ ਡਿਗ ਡਿਗ ਪੈਂਦਾ,
ਜਿਵੇਂ ਵਹਿੰਦੇ ਪਾਣੀ ਤੇ
ਚੰਦ ਦੀਆਂ ਰਿਸ਼ਮਾਂ ।

* * *

ਕੀ—ਸਭ ਹੈ ਮੈਂ ਵਿਚ;
ਜਾਂ
ਮੈਂ ਸਭ ਵਿਚ ।

* * *

ਮੈਂ ਆਪਣੇ ਪ੍ਰਛਾਵੇਂ ਤੋਂ,

ਬਾਹਰ ਉਠਦਾ
ਤੇ ਸਭ ਚਾਨਣ;
ਮੇਰੀ ਛੁਹਲੀ ਘੁਟਣੀ ਵਿਚ ਆ ਸਮਾਂਦਾ ।
ਮੇਰੀ ਅਸਲੀ ਵਿਦਿਆ,
ਸਾਰੀ ਮਾਨਸਿਕ ਸਾਮੱਗਰੀ ਦੇ
ਲੈਯ ਹੈ ਜਾਣ ਨਾਲ,
ਅਰੰਭ ਹੁੰਦੀ ।

ਮੈਂ ਆਤਮ ਗਿਆਨ ਦਾ ਪਹਿਲਾ ਅੱਖਰ,
ਸਾਰੀ ਸਿੱਖੀ ਵਿਦਿਆ ਨੂੰ;
ਅਣਸਿੱਖ ਕੇ ਸਿੱਖਿਆ ।

ਆਤਮ ਤਿਆਗ 'ਚੋਂ'
ਮੈਨੂੰ ਉਹ ਪ੍ਰਭੂ ਮਿਲਿਆ,
ਜਿਸਨੂੰ ਅਨੰਤ ਪਿਆਰ ਦਾ ਸੰਗੀਤ—
ਪ੍ਰਿਯਤਮ
ਮਧੁਰਤਮ
ਤੇ ਸੁੰਦਰਤਮ
ਕਹਿਕੇ ਪਿਆਰਦਾ ।

*　　*　　*

ਕੀ ਮੈਂ ਕਿਹਾ ਸੀ !
ਕਿ ਮੈਂ ਉਸਨੂੰ ਲਭ ਲਿਆ ?
ਸੱਚ ਤਾਂ ਇਹ—
ਕਿ ਉਸਨੂੰ ਸਦਾ ਭਾਲੀਦਾ,
ਸਦਾ ਸਿਮਰਨ ਚੁਆਰਾ,
ਉਸਦਾ ਨਵਾਂ ਨਾਮ ਧਰੀਦਾ;

ਤੇ ਉਸਦਾ ਗਾਇਨ ਕਰੀਦਾ ।

ਵਾਹ ! ਵਾਹ !
ਸਦਾ ਤੇਰੀ ਜੈ ਜੈ ਕਾਰ ।
ਇਹੀ ਸਦੈਵ ਆਦਿ,
ਇਹੀ ਸਦੈਵ ਅੰਤ !

ਦਮਕਦੇ ਚਿਹਰੇ ਵਾਲੀ;
ਅਤਿ ਕੋਮਲ ਵਿਹਲ;
ਮੇਰੀ ਉਹ ਸਦੀਵੀ ਸਖੀ—
ਜਿਥੇ ਗਿਆਨ, ਪ੍ਰੇਮ ਤੇ ਸੰਵਾ-ਜ਼ਾਦ,
ਉਸ ਖੁਸ਼ੀ ਦਾ
ਰੂਪ ਧਾਰਦੇ—
ਜੋ
ਮੈਂ ਆਪ ਹੀ ਰਚਦਾ ਤੇ ਨਿਘਾਰਦਾ,
ਪਰ—ਉਸਦਾ ਉਪਦੇਸ਼ ਕਰਨ ਸਮੇਂ;
ਮੈਂ ਮਰ ਜਾਂਦਾ ।

*　　*　　*

ਕੱਖਾਂ ਦੀ ਨਿੱਕੀ ਝੁੱਗੀ ਵਿਚ,
ਮੈਂ ਇਕੱਲਾ ਰਹਿੰਦਾ
ਰਖਾਂ ਦੇ ਵਿਛੌਣੇ 'ਤੇ ਲੇਟਦਾ ।
ਜਦ ਸਾਰਾ ਨਗਰ
ਧੂੜ-ਵਲ੍ਹੇਟੀ ਨੀਂਦ ਵਿਚ ਉੱਘਦਾ,
ਮੈਂ ਆਪਣੇ ਆਪਨੂੰ;
ਉਚਾ ਉਠਦਾ ਪ੍ਰਤੀਤ ਕਰਦਾ
ਤ ਮੇਰੇ ਨਾਲ ਹੀ

ਮੇਰੀ ਝੁੱਗੀ ਤੇ ਚਿਫ਼ੈਟਾ ਉਠ ਖਲੋਂਦੈ ।
ਮੈਨੂੰ ਇੰਜ ਲਗਦਾ—
ਮੇਰਾ ਘਰ, ਅਗਨ-ਖੰਭਾਂ ਉਤੇ;
ਸਵਾਰ ਹੈ,
ਤਾਰੇ-ਹਾਰ
ਬਾਦਸ਼ਾਹੀ ਮਹਿਲਾਂ ਤੋਂ
ਸਭ ਤ੍ਰਿਸ਼ਨਾਵਾਂ ਦੀ ਖੁਮਾਰੀ ਤੋਂ,
ਉੱਚਾ ਉੱਠਦਾ ।

*　　*　　*

ਏਥੇ ਗ਼ਲਸਫ਼ਾ;
ਨਿਰੰਜਲ ਕਵਿਤਾ ਬਣ ਜਾਂਦਾ ।
ਕੀ ਅਸਾਂ ਗੋਟੇ ਨੂੰ,
ਇੰਜ ਕਹਿੰਦਿਆਂ ਨਹੀਂ ਸੁਣਿਆਂ :—
"ਆਓ ਮੈਂ ਤੁਹਾਨੂੰ ਦੱਸਾਂ
"ਕਿ ਮਨੁੱਖ ਦਾ ਸਰਵੁਚ ਕਰਤੱਵ ਕੀ ?
"ਕਿਸੇ ਜਗਤ ਦੀ ਹੋਂਦ ਨਹੀਂ ਸੀ—
"ਇਹ ਸਭ ਮੇਰੀ ਰਚਨਾ ।
"ਇਹ ਮੈਂ ਹੀ ਸਾਂ;
"ਜਿਸਨੇ ਸੂਰਜ ਨੂੰ,
"ਸਾਗਰ 'ਚੋਂ ਉਪਰ ਲਿਆਂਦਾ ।
"ਚੰਦਰਮਾ ਨੇ ਆਪਣਾ ਪ੍ਰਵਰਤਨਸ਼ੀਲ-ਮਾਰਗ;
ਮੇਰੇ ਸੰਕਲਪ ਹੀ ਆਰੰਭ ਕੀਤਾ ।"

ਮਨੁੱਖ ਦੀ ਵਾਸਤਵਿਕ ਕੁਸ਼ਲਤਾ,
ਇਸੇ ਦਿਸ਼ਾ ਵਿਚ ਲੁਕੀ ਪਈ;
ਉਹ ਲੰਕ ਮਹਾਨ -

ਜਿਹੜੇ ਉਸ ਵਿਹਲ ਦੀ;
ਸਰਵੁੱਚ ਅਮੀਰੀ ਵਿਚ ਵਿਚਰਦੇ ।
ਜਿਹੜੀ ਸਿਰਜਨਾ ਦੇ ਦੈਵੀ ਅਨੰਦ ਨਾਲ;
ਤਰੰਗਤ ਹੁੰਦੀ ।
ਬਹੁਤ ਸਾਰੇ ਉਚ-ਵਿਚਵਾਨਾਂ ਦੀਆਂ ਖੱਪਰੀਆਂ
ਖ਼ੁਸ਼ਫ਼ਹਮੀ ਵਿਚਾਰ ਦੀ ਪੀੜਾ ਨਾਲ,
ਦੁਖਦੀਆਂ ਰਹਿੰਦੀਆਂ ।

ਪਰ-ਇਸਦੇ ਟਾਕਰੇ
ਮੈਂ
ਅਣਪੜ੍ਹ ਕਿਸਾਨ-ਕੁੜੀਆਂ ਨੂੰ;
ਸਹਿਜ਼ਾਦੀਆਂ ਹਾਰ
ਆਤਮ ਪਛਾਣ ਦੀ;
ਦੈਵੀ ਅਨੁਭਵੀ ਸ਼ਾਨ ਵਿਚ;
ਫਿਰਦੀਆਂ ਰੰਗਿਆ ।
ਮੈਂ, ਉਨ੍ਹਾਂ ਨੂੰ, ਆਪਣੇ ਅੱਖੀਂ;
ਖੁਸ਼ੀ ਦੇ ਅਧੂਰ ਗੀਤਾਂ ਵਿਚ;
ਪੰਛੀਆਂ-ਹਾਰ
ਬਰ-ਬਰਾਂਦੇ ਦੇਖਿਆ ।
ਉਨ੍ਹਾਂ ਦਾ ਸਾਹਾ ਬਦਨ,
ਪਵਨ ਤੇ ਚਾਨਣ ਦੀ ਨਿੱਕੀ ਛੁਹ ਨਾਲ,
ਕੰਬਦਾ ।

ਪ੍ਰੇਮ ਦੇ ਰੰਗ ਵਿਚ ਰੰਗੇ,
ਮਰਦਾਂ ਤੇ ਤੀਵੀਆਂ ਦੀਆਂ;
ਧੜਕਣਾਂ—

ਰਾਧਾ ਤੇ ਕ੍ਰਿਸ਼ਨ ਦੇ ਗੀਤ ਅਲਾਪਦੀਆਂ,
ਅਨੰਤ ਸੁਹੱਪਣ ਦੇ,
ਕੋਮਲ ਰੂਪ ਨੂੰ ਸਹਿਜੇ ਵੰਡਦੀਆਂ;
ਵਿੰਜ ਲਗਦੀਆਂ—
ਜਿਵੇਂ ਲਹਿੰਦਾ ਸੂਰਜ
ਆਪਣੇ ਖ਼ੂਨ ਤੋਂ ਬਣੇ,
ਸੁਹੇ ਗਗਨ-ਛੰਭ ਵਿਚ;
ਖ਼ੁਸ਼ੀ ਖ਼ੁਸ਼ੀ ਡੁੱਬ ਜਾਂਦਾ।

* * *

ਅਨੰਤ
ਅਸੰਖ ਰੂਪ ਧਾਰ;
ਉਨ੍ਹਾਂ ਵਿਚ ਸਮਾਂ;
ਅਨੰਤ ਵੱਲ ਨੂੰ ਹੀ ਚਲਦਾ।

ਪ੍ਰੇਮ ਦਾ ਆਤਮ ਸਵਰੂਪ
ਸੁਹੱਪਣ ਦੇ ਨਾਨਾਵੇਸ ਬਣਾ;
ਆਪਣੇ ਰੂਪ ਦੀਆਂ
ਕੰਬਦੀਆਂ ਲਹਿਰਾਂ ਦੀ;
ਖ਼ੁਸ਼ੀ ਨਾਲ ਨੱਚਦਾ
ਤੇ ਆਪਣੇ ਹੀ ਸਰੂਪ ਵਿਚ;
ਜਾ ਸਮਾਉਂਦਾ।

ਸੁਹੱਪਣ,
ਪ੍ਰਭੂ ਦੇ ਆਪਣੇ ਹੱਥੀਂ ਸਿਰਜੇ
ਆਤਮ ਅਨੰਦ ਦਾ
ਸਰਵੱਚ ਰੂਪ—

ਜੇ ਸਾਡੀ ਰੂਹ ਦੇ ਮੰਦਰ ਵਿਚ
ਇਸ਼ਟ-ਦੇਵ ਦੇ ਰੂਪ ਵਿਚ
ਸੁਭਾਏਮਾਨ—
ਜਿਸਦੀ ਬਿੰਬ ਦਾ ਵੱਡਾ ਵਿਸਥਾਰ,
ਜਲਾਂ, ਥਲਾਂ ਤੇ ਅੰਬਰਾਂ ਤੇ
ਤੁਰਦਾ ।

* * *

ਆਪਣੀ ਆਤਮਾ ਦੇ ਮੰਦਰ,
ਅਸੀਂ
ਜੀਵਨ ਦੀ ਰਮਜ਼ ਲੁਕਾਈ ਬੈਠੇ—
ਨਿਰਮਲ ਸੁੰਦਰਤਾ,
ਅਤਿ ਉੱਚੀ ਮਸਤੀ ਨਾਲ ਮਘਮੂਰ ਪ੍ਰੀਤੀ
ਜੇ ਸਭ ਰੂਪਾਂ ਤੇ ਰੰਗਾਂ ਤੋਂ,
ਉਚੇਰੀ
ਸਰਵ ਸਮਰੱਥ ਸ਼ਕਤੀ ।

ਸੁੰਦਰਤਾ ਦਾ ਪ੍ਰੇਮੀ,
ਇਰਾਨ ਦਾ ਹਾਫਿਜ਼—
ਮਸਤੀ ਵਿਚ ਕੂਕਦਾ—

"ਪੂਰਨ ਜਮਾਲ ਤੇਰਾ,
ਮੇਰੀ ਪ੍ਰੀਤ ਤੋਂ ਉਚੇਰਾ ।
ਮੇਰੀ ਪ੍ਰੀਤ ਹੈ ਅਧੂਰੀ,
ਵਾਹ ਵਾਹ ਕਮਾਲ ਤੇਰਾ ।
ਤੇਰਾ ਨੂਰਾਨੀ ਚਿਹਰਾ,
ਰੂਪ ਰੰਗ ਤੋਂ ਨਿਆਰਾ ।

ਰੋਖ-ਭੇਖ ਤੋਂ ਉਚੇਰਾ,
ਹੈ ਅਨੰਤ ਰੂਪ ਆਤਮ ਪਿਆਰਾ।"

ਇਹ ਸੋਂਦਰਯਮਈ
ਆਤਮ-ਸਰੂਪ ਹੀ
ਸਭ ਵਸਤਾਂ ਨੂੰ,
ਸੁੰਦਰਤਾ ਪ੍ਰਦਾਨ ਕਰਦਾ।

ਛੋਟੀ 'ਮੈਂ' ਤੇ ਮੋਹੀ ਹੌਣ ਦੀਆਂ,
ਸਭ ਮਿੱਠੀਆਂ ਖਿੱਚਾਂ,
ਆਪਣਾ ਭਾਅਨਹਾਰ ਅੰਤਰ;
ਆਪਣੇ ਵਿਚਲੇ ਆਪੇ ਦੇ;
ਪ੍ਰਤੀਬਿੰਬ ਤੋਂ ਹੀ ਪ੍ਰਾਪਤ ਕਰਦੀਆਂ।

ਆਪਣੇ ਮਿੱਟੀ ਦੇ ਭਾਂਪੜੇ ਦੀਆਂ,
ਕੱਚੀਆਂ ਕੰਧਾਂ,
ਇਕ ਕਲੀ ਦੇ ਮੰਗਤੇ ਹੁੰ;
ਹਿਮਾਲਾ ਦੀਆਂ ਬਰਫਾਨੀ ਚੋਟੀਆਂ ਨਾਲੋਂ,
ਵਧੇਰੇ ਸ਼ਾਨਦਾਰ ਲਗ਼ਦੀਆਂ।

ਹਰੇ ਬਾਂਸ ਦੀ ਟਹਿਣੀ ਦੀ
ਇਕ ਬੱਚੀ ਪੌਰੀ,
ਕ੍ਰਿਸ਼ਨ ਜੀ ਦੇ ਹੋਠਾਂ ਦੀ;
ਛੂਹ ਪਾ;
ਧਸੂ ਪੰਛੀ ਤੇ ਮਾਨਵ ਜਗਤ ਲਈ;
ਇਕ ਜਾਗਦਾ ਗੀਤ ਬਣ ਜਾਂਦੀ।

ਉਹੀ ਪੌਰੀ
ਕਿਸਾਨ ਦੇ ਹੱਥ ਵਿਚ,
ਚਰਾਂਦਾਂ ਵੱਲ
ਭੁੱਖੇ ਡੰਗਰਾਂ ਨੂੰ ਹੱਕਣ ਲਈ,
ਇਕ ਪ੍ਰਾਣੀ ।

"ਉਹ ਦਿਨ ਕਦੋਂ ਚੜ੍ਹੇਗਾ ?
"ਮੇਰੇ ਅਨੰਤ,
"ਕਿ ਮੈਂ ਇਕ ਬਾਦਸ਼ਾਹ
"ਤੇਰੀ ਸੁੰਦਰਤਾ ਦੇ;
"ਪਰਮ-ਅਨੰਦ ਦਾ
"ਵਰਦਾਨ ਪਾ—
"ਤੇਰੇ ਵਿਚ;
"ਧਿਆਨ ਮਗਨ ਬੈਠਾ,
"ਵਗ ਰਹੀ ਗੰਗਾ ਵਿਚ
"ਚੰਤੇ ਸੌਲ ਆਸਣ ਤੇ
"ਚਿਰ ਤੋਂ ਮੌਨ,
"ਤੇ ਮੇਰਾ ਸਗਲਾ ਆਪਾ,
"ਅਨੰਦ ਵਿਚ ਮਘਮੂਰ—
"ਹੱਥ ਭਿਗਦੇ
"ਮਾਲਾ ਦਾ ਮਣਕਾ ਹੈਂ—
"ਮੋਰੀਆਂ ਮੁੰਦੀਆਂ ਅੱਖਾਂ ਚੋਂ ।
"ਮੈਂ ਤੇਰੇ ਪਿਆਰ ਵਿਚ,
"ਇੰਨਾ ਨਿਰਜੀਵ—
"—ਕਿ ਮੇਰੇ ਦੇਹਾ ਮੱਢਿਆਂ ਤੇ
"ਚਿੜੀਆਂ ਬੈਠ—

"ਪੀਣ ਮੇਰੀਆਂ ਅੱਖਾਂ ਦੇ
"ਅਨੰਦ ਅੱਥਰੂ;
"ਇਹ ਸੱਚ
"—ਕਿ ਇਹ ਗੰਗਾ ਦੀਆਂ ਮੱਤੀ-ਬੂੰਦਾਂ,
"ਮੇਰੇ ਅੱਥਰੂ ਪੀ'ਦੀਆਂ,
"ਇਸਤਰ੍ਹਾਂ ਤੱਕਣ, ਇਕ ਦੂਜੀ ਵੱਲ,
"ਇਕ ਸੰਤੋਸ਼ ਭਰੀ ਤੱਕਣੀ।
"ਤੇ ਸਮਝ ਮੈਨੂੰ
"ਇਕ ਪਥਰੀਲੀ ਚਟਾਨ—
"ਆਪਣੇ ਸਿੰਗ,
"ਠੰਡੀ ਪਿੱਠ ਤੇ ਰਗੜਨ—
"ਆ—ਜੰਗਲੀ ਚਿਰਨ।"

ਹਰਿ ਚਰਣ ਕਵਲ ਮਕਰੰਦ ਲੋਭਿਤ
ਮਨੁ ਅਨਦਿਨੁ ਮੋਹਿ ਆਪੀ ਪਿਆਸਾ।
ਕ੍ਰਿਪਾ ਜਲ ਦੇ ਨਾਨਕ ਸਾਰੰਗ ਕਉ
ਹੋਇ ਜਾ ਤੇਰੇ ਨਾਇ ਵਾਸਾ।
—ਗੁਰੂ ਗ੍ਰੰਥ ਸਾਹਿਬ

ਰਾਜ ਹੰਸ

ਰਾਜ ਹੰਸ !
ਹੇ ਸਵਰਨ ਪੰਛੀ !
ਹੈ ਇਹ ਤੇਰੇ ਖੰਭਾਂ ਦੀ ਚਮਕਾਰ
ਜਾਂ ਧੂਪ ਸੁਨਹਿਰੀ ਰੰਗ ਚਿੱਤੀ;
ਸਦਾ ਲਈ ਹੈ ਚਿੰਮ ਧਾਰ...।
ਜਗ ਦੀ ਮੰਮਟੀ ਸੱਚੇ ਮਾਨਸਰੋਵਰ ਡੋਲ।
ਹੇ ਊਚਾਂ ਦੇ ਵਸਣਹਾਰ !
ਤੇਰੀ ਸੁਨਹਿਰੀ ਚੁੰਝ
ਰਹੀ ਦੁੱਧ ਪਾਣੀ ਨਿਤਾਰ।
ਹੈ ਚੁੰ ਉਹ ਵਿਮੁੱਕਤ ਰੂਪ
ਨਿਹਾਰੇ ਜੀਵਨ ਨਦੀ ਦੀ ਧਾਰ।
ਤੇਰੀ ਚੋਣ ਦੇ ਉਭਾਰ ਦਾ ਕਿੰਨਾ ਜਮਾਲ
ਭੁੱਲਿਆ ਨਾ ਜਾਵੇ;
ਨੀਲੇ ਜਗਨਾਂ ਤੋਂ ਜਿਸਦਾ ਕਮਾਲ।
ਮੋਤੀਆਂ ਦਾ ਕਰੇਂ ਆਹਾਰ
ਅੰਮ੍ਰਿਤ ਬੂੰਦ ਬਰਸੇ ਛਣ ਧਾਰ,
ਹਰੀ ਨਾਮ ਤੇਰਾ ਆਧਾਰ !

* * *

ਹੇ ਆਤਮਾ ਮਹਾਨ !

ਨੀਲਿਆਂ ਦੇ ਪਿਆਰੇ;
ਪਾਰਦਰਸ਼ੀ ਅਨੰਤਾਂ ਦੇ ਪੁਜਾਰੀ
ਮਾਨਸਰੋਵਰ ਦੀ ਢਾਬ ਤੋਂ ਬਿਨਾਂ—
ਤੇਰਾ ਦਮ ਘੁੱਟੇ,
ਉਚੀਆ ਹੋਮਕੁੰਟੀ ਚੋਟੀਆਂ—ਤੋਂ ਵਿਛੜਕੇ
ਬਚ ਨਹੀਂ ਸਕਦੇ ਤੇਰੇ ਪ੍ਰਾਣ।

ਜੰਗਲੀ ਮ੍ਰਿਗ ਠਾਢ ਤੋਂ ਨਿਕਲ
ਜੋਹੜੀ ਕਥੂਲੀ ਹੈ ਹੁੱਲੀ—ਇਸ ਦੇਸ਼,
ਉਸ ਵਿਚ, ਰੱਤਾ ਰਹੇ ਹਮੇਸ਼।

ਹੇ ਸੰਦਰਖ ਆਤਮਾ;
ਮਨੁੱਖੀ ਵਿਚਾਰਾਂ ਦੇ ਦੇਸ਼ ਤੋਂ—ਪਰੇ ਦੀ ਛੱਬ
ਤੇਰੀ ਸਮਾਧੀ ਵਿਚ ਝਲਕਾ ਮਾਰਦੀ
ਤਾਰਿਆਂ ਭਰੇ ਗਗਨ ਦੀ ਅਨੰਤਤਾ।
ਪਾਕ ਤੇਰੇ ਦਿਲ ਦੇ ਅੰਮ੍ਰਿਤਸਰ ਵਿਚ;
ਰੋਜ਼ ਸੂਰਜ ਆ ਕੇ ਕਰਦਾ ਇਸ਼ਨਾਨ।

ਪਵਨਾਂ ਦੀ ਅਸੀਮ ਵਿਸ਼ਾਲਤਾ—
ਤੇਰੀ ਦਾਸੀ
ਸੁਗੰਧ ਸਮੀਰਾਂ ਦੇ ਚੇਵ—
ਤੇਰੇ ਸਾਥੀ
ਫਿਰ ਵੀ ਅਸੀਂ ਜਾਣਦੇ,
ਕੂ ਛੱਡ ਆਵੇਂ ਇਹ ਸੁੰਦਰ ਭਵਨ
ਤਾਂ ਜੋ ਸਾਂਝਾ ਕਰ ਸਕੇ,
ਮਨੁੱਖੀ ਪ੍ਰੇਮ ਪੀੜਾ ਦਾ ਗ਼ਮ।

* * * *

ਉਤਰ ਆਵੇਂ

ਕਾਲੀ ਕੋਇਲ ਤੂੰ ਕਿਤ ਰੁਣ ਰਾਗੀ
ਆਪਣੇ ਪ੍ਰੀਤਮ ਦੇ ਹਉ ਕਿਰਹੋਂ ਜਾਗੀ

ਕਾਲੀ ਕੋਇਲ

ਕਿਹੜੀ ਬਿਜਲੀ ਗਿਰੀ ਤੇਰੇ ਤੇ
ਹੋਏ ਤੇਰੇ ਖੰਭ ਕਾਲੇ
ਕਾਲੀ ਕੋਇਲ ਹੈਂ ਕੇ ਵੀ ਤੂੰ
ਟਹਿਕੇਂ ਵਾਂਗ ਉਜਾਲੇ ।

ਅੰਬ-ਪੱਤਿਆਂ ਵਿਚ ਲੁਕ ਕੇ ਗਾਵੇਂ
ਮਿਠੇ ਮਿਠੇ ਗੀਤ
ਵਾਹ ! ਤੇਰਾ ਸੰਗੀਤ ।
ਉਚੀਆਂ ਧੁਨਾਂ ਗੀਤ ਤੇਰੇ ਦੀਆਂ
ਕਰ ਰਹੀਆਂ ਸਾਕਾਰ
ਮੇਰੇ ਮਨ ਵਿਚ;
ਯਾਦਾਂ ਕਈ ਹਜ਼ਾਰ ।

ਕਿਉਂ ਏਨੇ ਬੇਚੈਨ !
ਬਣ ਚੇਗਿਆੜੇ ਭੜਕ ਰਹੇ ਨੇ
ਤੇਰੇ ਮਿਠੇ ਵੈਣ ।
ਯਰ ਰਹੇ ਪ੍ਰਚੰਡ,
ਅਗਨੀ ਦਾ ਅਲੰਬ ।

ਵੇਖੋ ਫੁੱਲ ਗੁਲਾਬ ਦੇ
ਲਟ ਲਟ ਬਲਦੇ ਪਏ
ਚੜ੍ਹ ਗਏ ਪੌਣ ਪਾਣੀ ਦੇ ਚਹੇ
ਬਲਦੇ ਪਏ ਅੱਥਾਂ ਦੇ ਸਾਏ
ਕਿਥੋਂ ਚੰਗਾੜੇ ਆਏ
ਕਿਸ ਇਹ ਮੀਂਹ ਵਰ੍ਹਾਏ—
ਨਿਕੇ ਪੰਛੀ !
ਗੀਤ ਤੇਰੇ ਨੇ
ਕਿੰਜ ਕਿੰਜ ਘਾਇਲ ਕੀਤਾ
ਕਿਉਂ ਬਿਜਲੀਆਂ ਗਿਰੀਆਂ
ਕਿੰਜ ਅੰਬਰ ਕੜਕਾਏ

ਪ੍ਰੇਮ ਅਗਨ ਵਿਚ
ਸੜਕੇ ਮੋਏ
ਚਮਕ ਉਠੇ ਨੇ ਪੰਖ—
ਹੰ ਗਈ ਹਾਂ ਨਵਨੀਰ
ਪਤਿਤੋਂ ਮੈਂ ਪੁਨੀਤ
ਏਸੇ ਲਈ ਬੇਚੈਨ ।

ਕਿਥੇ ਹੈ ਉਹ ਪ੍ਰੀਤਮ ਮੈਂਡਾ ?
ਜਿਸ ਦੀ ਯਾਦ 'ਚ ਗਾਵਾਂ
ਮੈਂ ਦਿਨ ਰੈਣ ।

ਅੱਥਾਂ ਦੇ ਝੁੰਡਾਂ ਦਾ ਖੇਤਾ—
ਹਰ ਅੱਗ ਭੜਕਾਵੇ
ਹੁੰਦੇ ਜਾਵੇ ਜਿਉਂ ਜਿਉਂ

ਬਾਗਾਂ ਦੇ ਪੱਤ ਸਾਵੇ
ਚਿਲ ਮੇਰੇ ਦੀ ਜਵਾਲਾ ਤਿਉਂ ਤਿਉਂ
ਹੋਰ ਭੜਕਦੀ ਜਾਵੇ ।

ਜਗਮਗ ਕਰਦੀ ਰੂਹ ਪਈ ਪੁੱਛੇ
ਪ੍ਰੀਤਮ ਕਿਹੜੇ ਦੇਸ ਸਿਧਾਏ,
ਦੱਸੋ ਵੇ !
ਅਹਿੱਲ ਪੰਤਿਚ !
ਕਿਉਂ ਚੁੱਪ ਨੇ ਸਾਵੇ ।

ਕਦੀ ਕਦੀ—
ਅਚੇਤ ਹੀ
ਕਿਸੇ ਗਰੀਬੜੇ ਕਿਰਸਾਨ ਦੇ—
ਛਣਕਾ ਭਰੇ ਬੱਠੇ ਤੇ,
ਜਗਾ ਦੇਵੇ
ਕੁਦਰਤ ਦੇ ਕੂਚਾਰੇ ਦਿਲ
ਆਪਣੇ ਅਨੋਮੀ ਪ੍ਰੀਤ ਦੀ—
ਕਹਾਣੀ ਛੇੜਬੇ ।

* * *

ਏਸੇ ਵਿਚ ਤੇਰੀ ਖੁਸ਼ੀ
ਕਿ ਹੋਵੇਂ ਪ੍ਰਸੰਨ ਵੇਖਬੇ—
ਇਸਤਰੀ ਪੁਰਸ਼ ਦਾ ਪਿਆਰ...।

* * *

ਮਨੁੱਖੀ ਦਿਲ ਸਾਗਰ ਦੀਆਂ ਲਹਿਰਾਂ ਦੀ,
ਨਿੱਕੀ ਪ੍ਰੀਤ ਝਣਝਣੀ,
ਲਿਆ ਦੇਵੇ ਤੈਨੂੰ ਖੁਮਾਰ
ਤੇ ਤੂ ਆਪਣੇ ਉਚੇ ਆਸਣ ਤੇ ਵੀ—
ਬੈਠਾ ਕੰਬਦਾ ।

* * *

ਹੇ ਪ੍ਰੀਤ ਰਾਹੀਂ ਮੁਕਤਗਾਮੀ ਆਤਮਾ !
ਪ੍ਰੀਤ ਦੀ ਮਹਿਮਾ ਨੂੰ ਜਾਣਨਹਾਰ
ਜਿਸਦੀ ਖਾਤਰ ਜ਼ਹਿਰਾਂ ਦੀ;
ਧੂੜ-ਲੱਦੀ,
ਧੁੰਦੇ-ਧੁਵਾਖੀ;
ਹਵਾ ਨੂੰ ਵੀ ਕਰੇਂ ਪਾਰ
ਤਾਂ ਜੋ ਤੇਰੀ ਪ੍ਰੀਤ ਸੰਜ ਬਚ ਜਾਵੇ ।
ਕੰਵਲੀ ਪ੍ਰੀਤ ਚੰਨੀ ਆਤਮਾ ।